ਦਸਵਾਂ ਸਾਲ

PARDES TIMES

10th year in Publication

# ਪਰਦੇਸ ਟਾਇਮਜ਼

www.pardestimes.com

ਬਲਬੀਰ ਸਿੰਘ ਐਮ ਏ (ਮੁੱਖ ਸੰਪਾਦਕ) | ਮਾਂ ਬੋਲੀ ਨੂੰ ਸਮਰਪਿਤ | ma boli pardes | ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 10 No. 242 April 13, 2016 E-mali : info@pardestimes.com Ph 510-938-7771 Ph510-516-3536 (Yuba City) 530-315-1020

## 'ਪਰਦੇਸ ਟਾਇਮਜ਼' ਵੱਲੋਂ ਆਪਣੇ ਪਿਆਰੇ ਪਾਠਕਾਂ, ਮਦਦਗਾਰਾਂ ਅਤੇ ਪ੍ਰਸ਼ੰਸਕਾਂ ਨੂੰ ਖਾਲਸਾ ਜੀ ਦੇ ਜਨਮ ਦਿਹਾੜੇ ਅਤੇ ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ

# ਕੈਨੇਡਾ ਦੀ ਸਰਕਾਰ 'ਕਾਮਾਗਾਟਾ ਮਾਰੂ' ਲਈ ਮੁਆਫੀ ਮੰਗੇਗੀ

ਟਰਾਂਟੋ, ਅਪ੍ਰੈਲ 12, 2016- ਤਕਰੀਬਨ 102 ਸਾਲ ਬਾਅਦ ਕੈਨੇਡਾ ਦੀ ਨਵੀਂ ਬਣੀ ਸਰਕਾਰ ਵੱਲੋਂ ਸਿੱਖ ਕੌਮ ਤੋਂ ਮੁਆਫੀ ਮੰਗਣ ਲਈ ਤਿਆਰੀ ਹੋ ਗਈ ਹੈ। 376 ਦੇ ਕਰੀਬ ਸਿੱਖ ਜੋ ਕਿ ਕਲਕੱਤੇ ਤੋਂ ਇਕ ਸਮੁੰਦਰੀ ਜਹਾਜ਼ ਰਾਹੀਂ, ਜਿਸ ਦਾ ਨਾਂ 'ਕਾਮਾਗਾਟਾ ਮਾਰੂ' ਸੀ, ਵਿਚ ਇੱਥੇ ਪਹੁੰਚੇ ਸਨ, 1914 ਵਿਚ ਮਈ ਦੇ ਮਹੀਨੇ ਵਿਚ।

ਦੋ ਮਹੀਨੇ ਦੀ ਜੱਦੋ ਜਹਿਦ ਤੇ ਰਾਜਨੀਤਿਕ ਲੜਾਈ ਤੋਂ ਮਗਰੋਂ ਸਰਕਾਰ ਨੇ ਸਿੱਖਾਂ ਦੇ ਭਰੇ ਜਹਾਜ਼ ਨੂੰ ਵਾਪਸ ਭਾਰਤ ਮੋੜ ਦਿੱਤਾ, ਜਿੱਥੇ ਵਾਪਸ ਪਹੁੰਚਦਿਆਂ 10 ਸਿੱਖਾਂ ਦੀ ਮੌਤ ਵੀ ਹੋ ਗਈ ਸੀ। ਇਹ ਸਿੱਖਾਂ ਦੀ ਦਰਦ ਦੀ ਕਹਾਣੀ ਉਦੋਂ ਦੀ ਸਰਕਾਰ ਨੇ ਨਾ ਸੁਣ ਕੇ ਉਹਨਾਂ ਨੂੰ ਵਾਪਸ ਕਰ ਦਿੱਤਾ ਸੀ।

ਭਾਵੇਂ ਇਸ ਤੋਂ ਪਹਿਲਾਂ ਬਣੇ ਪ੍ਰਧਾਨ ਮੰਤਰੀ ਸ੍ਰੀ ਸਟੀਫਨ ਹਾਰਪਰ ਨੇ 2008 ਵਿਚ ਇਕ ਖੁੱਲ੍ਹੇ ਮੈਦਾਨੀ ਜਲਸੇ ਵਿਚ ਸਿੱਖਾਂ ਤੋਂ ਮੁਆਫੀ ਮੰਗ ਲਈ ਸੀ ਪਰ ਹੁਣ ਸ੍ਰੀ ਜਸਟਿਨ ਟਰੂਡੋ ਜੋ ਕਿ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਲਿਬਰਲ ਪਾਰਟੀ ਦੇ ਬਣੇ ਹਨ, ਵੱਲੋਂ ਕਾਨੂੰਨੀ ਤੌਰ ਤੇ ਪਾਰਲੀਮੈਂਟ ਦੇ ਅੰਦਰ ਮੁਆਫੀ ਮੰਗਣ ਲਈ ਮਈ 18, 2016 ਦੀ ਤਾਰੀਖ ਰੱਖੀ ਹੈ।

ਉਸ ਦਿਨ ਉਹ 'ਹਾਊਸ ਆਫ ਕਾਮਨਜ਼' ਵਿਚ



ਕੈਨੈਡਾ ਦੀ ਸਰਕਾਰ ਵੱਲੋਂ ਸਿੱਖਾਂ 'ਤੇ ਹੋਏ ਜੁਲਮ ਦੀ ਮੁਆਫੀ ਮੰਗਣਗੇ। ਇਹ ਸਭ ਵਿਸਥਾਰ ਔਟਵਾ ਦੇ ਇਕ ਗੁਰੂ ਘਰ ਵਿਚ ਵਿਸਾਖੀ ਦੇ ਮੌਕੇ ਤੇ ਰੱਖੇ ਗਏ ਅਖੰਡ ਪਾਠ ਸਾਹਿਬ ਦੀ ਸੰਪੂਰਨਤਾ ਸਮੇਂ ਦੱਸਿਆ ਗਿਆ।

ਸਿੱਖਾਂ ਦੀ ਤਾਰੀਫ ਕਰਨ ਦੇ ਨਾਲ-ਨਾਲ ਪ੍ਰਧਾਨ ਮੰਤਰੀ ਸ੍ਰੀ ਟਰੂਡੋ ਜੀ ਨੇ ਕਿਹਾ- ਇਹ ਸਿੱਖਾਂ ਦਾ ਘਰ ਹੈ ਤੇ ਉਹਨਾਂ ਨੇ ਖੁਦ ਇਹ ਘਰ ਪਸੰਦ ਕੀਤਾ ਹੈ ਰਹਿਣ ਲਈ।

ਪਰ 102 ਸਾਲ ਪਹਿਲਾਂ ਅਸੀਂ ਸਿੱਖਾਂ ਨੂੰ ਇਹ ਘਰ ਬਣਾਉਣ ਵਿਚ ਮਦਦ ਨਹੀਂ ਕਰ ਸਕੇ। ਇਕ ਕੌਮ ਵੱਲੋਂ ਅਸੀਂ ਕਦੇ ਵੀ ਇਹ ਨਹੀਂ ਭੁੱਲਾਂਗੇ ਕਿ ਸਿੱਖਾਂ ਨਾਲ ਕਿੰਨਾ ਮਾੜਾ ਵਿਵਹਾਰ ਕੀਤਾ ਗਿਆ ਸੀ। ਜਿਸ ਦੀ ਮੁਆਫੀ ਸਰਕਾਰ ਵੱਲੋਂ ਮੰਗੀ ਜਾਵੇਗੀ।

ਵਰਣਨਯੋਗ ਹੈ ਕਿ ਕੈਨੇਡਾ ਦੀ ਸਰਕਾਰ ਦੇ 18 ਐਮ. ਪੀ. ਸਿੱਖ ਹਨ ਤੇ 4 ਸਿੱਖ ਮਨਿਸਟਰ ਹਨ, ਜਿਸ ਵਿਚ ਸਭ ਤੋਂ ਮਹੱਤਵਪੂਰਨ ਅਹੁਦਾ ਰੱਖਿਆ ਮੰਤਰੀ ਦਾ ਹੈ ਜੋ ਸ. ਹਰਜੀਤ ਸਿੰਘ ਸੱਜਣ, ਜੋ ਕਿ ਮਿਲਟਰੀ ਦੇ ਕਰਨਲ ਦੇ ਅਹੁਦੇ ਤੱਕ ਰਹਿ ਚੁੱਕੇ ਹਨ, ਨੇ ਸੰਭਾਲਿਆ ਹੈ, ਜਿਸ ਨਾਂਲ ਸਾਰੇ ਜਗਤ ਵਿਚ ਸਿੱਖਾਂ ਦਾ ਨਾਂ ਉਚਾ ਹੋਇਆ ਹੈ।

ਭਾਵੇਂ ਹਿੰਦੋਸਤਾਨ ਦੀ ਸਰਕਾਰ ਵਿਚ ਕਿਸੇ ਵੀ ਸਿੱਖ ਨੂੰ ਮਨਿਸਟਰ ਨਹੀਂ ਲਿਆ ਗਿਆ ਪਰ ਇਕ ਬੀਬੀ ਪੰਜਾਬ ਸਰਕਾਰ ਦੇ ਚੀਫ ਮਨਿਸਟਰ ਦੀ ਨੂੰਹ ਹੋਣ ਕਰਕੇ ਇਕ ਛੋਟੇ ਜਿਹੇ ਵਿਭਾਗ ਨਾਲ ਮਨਿਸਟਰ ਬਣਾਈ ਗਈ ਹੈ, ਜੋ ਮਹੱਤਵਪੂਰਨ ਨਹੀਂ ਹੈ।

# 'ਵਿਸਾਖੀ ਲਿਸਟ' ਪੰਜਾਬੀ ਫਿਲਮ ਮੇਰੇ ਕੈਰੀਅਰ ਦੀ ਬਿਹਤਰੀਨ ਫਿਲਮ ਸਾਬਤ ਹੋਵੇਗੀ - ਜਿੰਮੀ ਸ਼ੇਰਗਿੱਲ

## ਹਾਸਰਸ ਅਤੇ ਸਿਹਤਮੰਦ ਮਨੋਰੰਜਨ ਭਰਪੂਰ ਫਿਲਮ ਹੈ 'ਵਿਸਾਖੀ ਲਿਸਟ' ਫਿਲਮ ਹੋਵੇਗੀ 22 ਅਪ੍ਰੈਲ ਨੂੰ ਰਿਲੀਜ਼ - ਇਕਬਾਲ ਸਿੰਘ ਗਾਖਲ

ਯੂਨੀਅਨ ਸਿਟੀ (ਬਿਓਰੋ) - ਵਿਸਾਖੀ ਲਿਸਟ ਫਿਲਮ ਇਕ ਪਰਿਵਾਰਕ ਤੇ ਮਨੋਰੰਜਨ ਭਰਪੂਰ ਫਿਲਮ ਹੀ ਨਹੀਂ ਹੈ ਸਗੋਂ ਵਿਸਾਖੀ ਦੇ ਮੌਕੇ ਤੇ ਸਰਕਾਰ ਵਲੋਂ ਚੰਗੇ ਕੈਦੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਕੁਝ ਸਹੂਲਤਾਂ ਦੀ ਵੀ ਕਹਾਣੀ ਹੈ। ਇਸ ਵੱਖਰੇ ਹੀ ਵਿਸ਼ੇ ਤੇ ਪਹਿਲੀ ਵਾਰ ਕੋਈ ਪੰਜਾਬੀ ਫਿਲਮ ਬਣੀ ਹੈ ਜਿਸ ਵਿਚ ਅਦਾਕਾਰੀ ਦੇ ਖੇਤਰ ਚੋਂ ਤਕਰੀਬਨ ਸਾਰੇ ਹੀ ਨਾਮੀ ਕਲਾਕਾਰਾਂ ਨੂੰ ਸ਼ਾਮਿਲ ਹੋਣ ਦਾ ਮੌਕਾ ਦਿੱਤਾ ਗਿਆ ਆਪਣੀ ਦਾਅਵੇਦਾਰੀ ਪੇਸ਼ ਕਰਦਾ ਹੈ। ਕਿਉਂਕਿ ਫਿਲਮ ਨਾ ਸਿਰਫ ਹਾਸਰਸ ਹੈ ਸਗੋਂ ਜੇਲ੍ਹ 'ਚੋਂ ਭੱਜੇ ਕੈਦੀਆਂ ਦੀ ਮੁੜ ਜੇਲ੍ਹ 'ਚ ਦਾਖਲ ਹੋਣ ਦੀ ਕਹਾਣੀ ਬਹੁਤ ਹੀ ਦਿਲਸਚਪ ਹੈ। ਤਣਾਓਗ੍ਰਸਤ ਜੇਲ੍ਹਾਂ ਦੇ ਮਹੌਲ ਨੂੰ ਹਾਸਰਸ ਬਣਾਉਣ ਦਾ ਯਤਨ ਜਸਵਿੰਦਰ ਭੱਲਾ ਨੇ ਇਕ ਜੇਲ੍ਹਰ ਦੇ ਰੂਪ ਵਿਚ ਵਧੀਆ ਅਦਾਕਾਰੀ ਕਰਕੇ ਬਣਾਇਆ ਹੈ। ਬੀ ਐਨ ਸ਼ਰਮਾ, ਬੀਨੂੰ ਢਿੱਲੋਂ, ਰਾਣਾ ਰਣਬੀਰ ਅਤੇ ਬਾਲ ਮੁਕੰਦ ਸ਼ਰਮਾ ਅਤੇ ਕਾਰੋਬਾਰ ਵਜੋਂ ਸਥਾਪਿਤ ਕਰ ਸਕੀਏ। ਸਾਡੇ ਗਾਖਲ ਭਰਾਵਾਂ ਦੇ ਪਿਆਰ ਦਾ ਇਤਫਾਕ ਅਤੇ ਵੱਡੇ ਵੀਰ ਅਮੋਲਕ ਸਿੰਘ ਗਾਖਲ ਦੀ ਨੱਸ ਭੱਜ ਹੀ ਉਹਨਾਂ ਨੂੰ ਫਿਲਮੀ ਖੇਤਰ ਵਿਚ ਚੰਗਾ ਮਹੌਲ ਪੈਦਾ ਕਰਕੇ ਦੇਣ ਵਿਚ ਸਹਾਈ ਹੋਈ ਹੈ। ਇਕਬਾਲ ਸਿੰਘ ਗਾਖਲ ਨੇ ਕਿਹਾ ਕਿ ਉਹ ਭਵਿੱਖ ਵਿਚ ਚੰਗੀਆਂ ਫਿਲਮਾਂ ਦੇਣ ਲਈ ਵੀ ਵਚਨਬੱਧ ਹਨ।

ਜਿੰਮੀ ਸ਼ੇਰਗਿੱਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ





ਹੈ ਤੇ ਸਭ ਤੋਂ ਖਾਸ ਗੱਲ ਇਹ ਹੈ ਕਿ ਗਾਖਲ ਭਰਾਵਾਂ ਨੇ ਜੀ ਬੀ ਐਂਟਰਟੇਨਮੈਂਟ ਦੇ ਨਾਂ ਹੇਠ ਬਣਾਈ ਇਸ ਫਿਲਮ ਨੂੰ ਮਹਿਜ਼ ਵਪਾਰਕ ਹੀ ਨਹੀਂ ਰੱਖਿਆ ਸਗੋਂ ਜਿਸ ਉਦੇਸ਼ ਨਾਲ ਉਹਨਾਂ ਨੇ ਫਿਲਮ ਜਗਤ ਵਿਚ ਪ੍ਰਵੇਸ਼ ਕੀਤਾ ਹੈ ਉਹ ਵੀ ਇਕ ਇਤਿਹਾਸਕ ਪੈੜ ਬਣ ਜਾਵੇਗਾ। ਮੈਨੂੰ ਮਾਣ ਹੈ ਕਿ ਮੈਂ ਗਾਖਲ ਭਰਾਵਾਂ ਦੀ ਇਸ ਸਮੀਪ ਕੰਗ ਦੀ ਨਿਰਦੇਸ਼ਨਾਂ ਵਾਲੀ ਫਿਲਮ ਵਿਚ ਵਧੀਆ ਕੰਮ ਕਰ ਸਕਿਆ ਹਾਂ। ਇੱਥੇ ਰਾਜਾ ਸਵੀਟਸ ਵਿਖੇ 'ਵਿਸਾਖੀ ਲਿਸਟ' ਫਿਲਮ ਦੀ ਪ੍ਰਮੋਸ਼ਨ ਲਈ ਪਹੁੰਚੇ ਪੁੱਜੇ ਉੱਘੇ ਬਾਲੀਵੁੱਡ ਅਦਾਕਾਰ ਜਿੰਮੀ ਸ਼ੇਰਗਿੱਲ ਨੇ ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਇਕ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ। ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਜਿੰਮੀ ਨੇ ਕਿਹਾ ਕਿ ਹਾਲ ਹੀ ਵਿਚ ਉਸਦੀ 'ਸ਼ਰੀਕ' ਫਿਲਮ ਨੂੰ ਵੀ ਬਹੁਤ ਹੀ ਭਰਵਾਂ ਹੁੰਗਾਰਾ ਮਿਲਿਆ ਸੀ 'ਤੇ ਇਸ ਫਿਲਮ ਨਾਲ ਉਹ ਹੋਰ ਵੀ ਸਫਲਤਾ ਦੀ ਲੀਹ ਬਣਾਉਣ ਵਿਚ ਅਭਿਨੇਤਰੀ ਸ਼ਰੂਤੀ ਸਿੰਘ ਦੀ ਅਦਾਕਾਰੀ ਵੀ ਆਪਣੇ ਆਪ ਵਿਚ ਬਾਕਮਾਲ ਰਹੇਗੀ।

ਜਿੰਮੀ ਸ਼ੇਰਗਿੱਲ ਨੇ ਹੋਰ ਕਿਹਾ ਕਿ ਕਮੇਡੀ ਨਾਈਟ ਰਾਹੀਂ ਚਰਚਿਤ ਹੋਣ ਵਾਲੇ ਪੰਜਾਬੀ ਅਦਾਕਾਰ ਸੁਨੀਲ ਗਰੋਵਰ ਨੇ ਗੁੱਥੀ ਦੇ ਕਿਰਦਾਰ ਵਿਚ ਜਿਹੜੀ ਪ੍ਰਸਿੱਧੀ ਖੱਟੀ ਸੀ, ਉਸ ਤੋਂ ਵੀ ਵਧ ਕੇ 'ਵਿਸਾਖੀ ਲਿਸਟ' ਫਿਲਮ ਵਿਚ ਇਕ ਕੈਦੀ ਦਾ ਰੋਲ ਨਿਭਾਅ ਕੇ ਪੰਜਾਬੀ ਫਿਲਮ ਜਗਤ ਨੂੰ ਚੜ੍ਹਦਾ ਇਕ ਨਵਾਂ ਸੂਰਜ ਦਿਖਾਇਆ ਹੈ। ਗਾਖਲ ਭਰਾਵਾਂ ਅਤੇ ਸਮੀਪ ਕੰਗ ਦਾ ਹੀ ਇਹ ਯਤਨ ਸੀ ਕਿ ਉਹਨਾਂ ਨੇ ਸੁਨੀਲ ਗਰੋਵਰ ਵਰਗਾ ਇਕ ਵਧੀਆ ਅਦਾਕਾਰ ਪੰਜਾਬੀ ਸੰਗੀਤ ਜਗਤ ਦੀ ਝੋਲੀ ਪਾ ਦਿੱਤਾ ਹੈ।ਫਿਲਮ ਦੇ ਨਿਰਮਾਤਾ ਇਕਬਾਲ ਸਿੰਘ ਗਾਖਲ ਨੇ ਕਿਹਾ ਕਿ ਉਹਨਾਂ ਦੇ ਵੱਡੇ ਭਰਾ ਅਮੋਲਕ ਸਿੰਘ ਗਾਖਲ ਦਾ ਸ਼ੌਕ ਅਤੇ ਲਗਨ ਸੀ ਕਿ ਫਿਲਮੀ ਖੇਤਰ ਵਿਚ ਵੀ ਪ੍ਰਵੇਸ਼ ਕੀਤਾ ਜਾਵੇ ਅਤੇ ਇਸ ਨੂੰ ਇਕ ਜਿੱਥੇ ਜੈਦੇਵ ਵਰਗੇ ਸੰਗੀਤਕਾਰ ਦਾ ਸੰਗੀਤ ਇਸ ਫਿਲਮ ਨੂੰ ਨਵੀਂ ਰੂਹ ਦੇਵੇਗਾ ਉਥੇ ਧਨੀ ਰਾਮ ਚਾਤ੍ਰਿਕ ਦਾ ਅਮਰ ਗੀਤ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਜਿਸ ਨੂੰ ਨੌਜਵਾਨਾਂ ਦੇ ਚਹੇਤੇ ਗਾਇਕ ਰਣਜੀਤ ਬਾਵਾ ਨੇ ਗਾਇਆ ਹੈ, ਫਿਲਮ ਦੀ ਜਿੰਦ ਜਾਨ ਹੈ ਅਤੇ ਰਾਹਤ ਫਤਿਹ ਅਲੀ ਖਾਨ ਦੇ ਗੀਤ ਨੂੰ ਵੀ ਬਰਾਬਰ ਦਾ ਪਿਆਰ ਮਿਲਿਆ ਹੈ। ਕਿਉਂਕਿ ਗਾਖਲ ਭਰਾ ਕੈਲੇਫੋਰਨੀਆਂ ਦੇ ਸ਼ਹਿਰ ਵਾਟਸਨਵਿੱਲ ਵਿਚ ਵਸਦੇ ਹਨ ਤੇ ਇਥੇ ਉਹਨਾਂ ਦਾ ਪਿਆਰ ਤੇ ਸਤਿਕਾਰ ਵੀ ਰੱਜਵਾਂ ਹੈ, ਰਾਜਾ ਸਵੀਟ ਵਿਖੇ ਅਯੋਜਿਤ ਪ੍ਰੈੱਸ ਮਿਲਣੀ ਦੌਰਾਨ ਵੱਡੀ ਗਿਣਤੀ ਵਿਚ ਕੈਲੀਫੋਰਨੀਆਂ ਦੀਆਂ ਨਾਮੀ ਹਸਤੀਆਂ ਅਤੇ ਕਾਰੋਬਾਰੀ ਲੋਕ ਪਰਿਵਾਰਾਂ ਸਮੇਤ ਸ਼ਾਮਿਲ ਹੋਏ। ਫਿਲਮ ਦੇ ਮੀਡੀਆ ਸਲਾਹਾਕਾਰ ਐੱਸ ਅਸ਼ੋਕ ਭੌਰਾ ਨੇ ਕਿਹਾ ਕਿ ਦੁਨੀਆਂ ਭਰ ਦੇ ਪੰਜਾਬੀ ਪ੍ਰਿੰਟ ਤੇ


(ਬਾਕੀ ਸਫਾ 3 ਤੇ)

# ਸੁਖਪਾਲ ਸਿੰਘ ਖਹਿਰਾ ਫਰੀਮਾਂਟ 'ਚ ਅਪ੍ਰੈਲ 17 ਨੂੰ ਰੂਬਰੂ ਹੋਣਗੇ




ਫਰੀਮਾਂਟ- ਫਰੀਮਾਂਟ ਵਿਚ ਆਮ ਆਦਮੀ ਪਾਰਟੀ ਦੇ ਬੁਲਾਰੇ ਸ. ਸੁਖਪਾਲ ਸਿੰਘ ਖਹਿਰਾ ਅਪ੍ਰੈਲ 17, 2016 ਦਿਨ ਐਤਵਾਰ ਨੂੰ ਸੱਜਣਾਂ-ਮਿੱਤਰਾਂ ਨਾਲ ਮਿਲਣੀ ਕਰ ਰਹੇ ਹਨ। ਜੋ ਕੋਈ ਵੀਰ-ਭੈਣ ਸ. ਖਹਿਰਾ ਹੁਰਾਂ ਨੂੰ ਮਿਲ ਕੇ ਵਿਚਾਰਾਂ ਕਰਨੀਆਂ ਚਾਹੁੰਦਾ ਹੋਵੇ, ਉਹ Mirage Banquet Hall 4100 Peralth Blvd, Fremont, CA ਪਹੁੰਚ ਕੇ ਉਹਨਾਂ ਦੇ ਵਿਚਾਰ ਸੁਣ ਸਕਦਾ ਹੈ। ਹੋਰ ਜਾਣਕਾਰੀ ਲਈ 650-260-5061 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰੂ ਘਰ ਜਾਰਜ ਵਾਸ਼ਿੰਗਟਨ ਯੂਬਾ ਸਿਟੀ ਵਿਖੇ ਨਵੀਂ ਬਿਲਡਿੰਗ ਦਾ ਨੀਂਹ ਪੱਥਰ ਰੱਖਿਆ



(ਰਿਪੋਰਟ ਸਫਾ 3 ਤੇ ਦੇਖੋ)



























# ਗੁਰੂ ਘਰ ਜਾਰਜ ਵਾਸ਼ਿੰਗਟਨ ਯੂਬਾ ਸਿਟੀ ਵਿਖੇ ਨਵੀਂ ਬਿਲਡਿੰਗ ਦਾ ਨੀਂਹ ਪੱਥਰ ਰੱਖਿਆ

ਯੂਬਾ ਸਿਟੀ- ਗੁਰੂ ਘਰ ਜਾਰਜ ਵਾਸ਼ਿੰਗਟਨ ਯੂਬਾ ਸਿਟੀ ਵਿਖੇ ਨਵੀਂ ਬਣਨ ਵਾਲੀ ਗੁਰੂ ਘਰ ਦੀ ਬਿਲਡਿੰਗ ਦਾ ਨੀਂਹ ਪੱਥਰ ਬੀਤੀ 10 ਅਪ੍ਰੈਲ ਨੂੰ ਪੂਰਨ ਗੁਰ ਮਰਿਆਦਾ ਅਤੇ ਸ਼ਰਧਾ ਨਾਲ ਰੱਖਿਆ ਗਿਆ। ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਪੰਜ ਪਿਆਰਿਆਂ ਅਤੇ ਸੰਗਤ ਨੇ ਟੱਕ ਲਗਾ ਕੇ ਨੀਂਹ ਪੱਕਰ ਰੱਖਿਆ। ਇਸ ਇਤਿਹਾਸਕ ਮੌਕੇ ਤੇ ਵੈਸਟ ਸੈਕਰਾਮੈਂਟੋ ਗੁਰੂ ਘਰ ਦੇ ਪ੍ਰਧਾਨ ਬਲਬੀਰ ਸਿੰਘ ਢਿੱਲੋਂ, ਸਰਬ ਥਿਆੜਾ, ਗੁਰਨਾਮ ਸਿੰਘ ਪੰਮਾ, ਦਲਵੀਰ ਗਿੱਲ, ਬਲਰਾਜ ਢਿੱਲੋਂ, ਰਵਿੰਦਰ ਸਿੰਘ, ਹਰਜੀਤ ਢਿੱਲੋਂ, ਸਰਬਜੀਤ ਸਾਬੀ, ਅਜੈਬ ਸਿੰਘ ਮੱਲ੍ਹੀ, ਬਾਬੀ ਗਿੱਲ, ਜੋਗਾ ਸਿੰਘ, ਨਰਿੰਦਰ ਸਿੰਘ, ਅਵਤਾਰ ਸਿੰਘ ਤਾਰੀ, ਬਲਜੀਤ ਗਿੱਲ, ਪਿੰਕਾ, ਜਸਵੀਰ ਕੁਲਾਰ (ਕਿਵੀ ਸਰਦਾਰ), ਪਿਆਰਾ ਸਿੰਘ ਗੋਸਲ, ਹਰਮਿੰਦਰ ਧਮਰਾ, ਬਲਰਾਜ ਰੰਧਾਵਾ ਅਤੇ ਰੋਜਵਿਲ ਗੁਰੂ ਘਰ ਦੀ ਕਮੇਟੀ ਨੇ ਵਿਸ਼ੇਸ਼ ਤੌਰ ਤੇ ਰੌਣਕ ਵਧਾਈ। ਹੋਰ ਸ਼ਖਸੀਅਤਾਂ ਵਿਚ ਗੁਰਮੇਲ ਨਾਗਰਾ, ਰਵਿੰਦਰ ਸਿੰਘ ਗਰੇਵਾਲ (ਐਲਕ ਗਰੋਵ ਸਿੱਖ ਟੈਂਪਲ), ਸ਼ਾਮ ਸਿੰਘ ਸ਼ਾਮਾ, ਜਤਿੰਦਰ ਜੱਜ, ਹੈਪੀ ਚੀਮਾ ਅਤੇ ਦਵਿੰਦਰ ਸਿੰਘ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਸੇਵਾ ਸੈਲਫ ਲੈਸ ਸੁਸਾਇਟੀ ਦੇ ਸੇਵਾਦਾਰਾਂ ਦਮਨ ਸਿੰਘ ਭੰਗੂ, ਜਨਜੀਤ ਹਨਸੀ, ਤਰਨਜੀਤ ਖੱਖ, ਗੁਰਕੀਰਤ ਸਿੰਘ, ਬਲਜੀਤ ਸਿੰਘ ਹੁੰਦਲ ਅਤੇ ਬਲਜਿੰਦਰ ਸਿੰਘ ਹੁੰਦਲ, ਗੁਰਪ੍ਰੀਤ ਕਾਹਲੋਂ ਨੇ ਨਿਭਾਈ। ਭਾਈ ਬਲਵੀਰ ਸਿੰਘ ਢਿੱਲੋਂ ਅਤੇ ਭਾਈ ਬਹਾਦਰ ਸਿੰਘ ਨੇ ਗਤਕੇ ਦੀਆਂ ਟੀਮਾਂ ਸੱਦ ਕੇ ਗੱਤਕੇ ਦੇ ਜ਼ੋਹਰ ਵੀ ਦਿਖਾਏ। ਭਾਈ ਅਮਰੀਕ ਸਿੰਘ ਸ਼ਹੀਦ ਹੁਣਾਂ ਦੀ ਸੁਪਤਨੀ ਨੂੰ ਇਸ ਮੌਕੇ ਸਨਮਾਨਿਤ ਕੀਤਾ ਗਿਆ।

ਗੁਰੂ ਘਰ ਦੇ ਗ੍ਰੰਥੀ ਸਿੰਘ ਸਾਹਿਬ ਭਾਈ ਕਿਰਪਾਲ ਸਿੰਘ ਅਤੇ ਉਹਨਾਂ ਦੇ ਵੱਡੇ ਭਰਾ ਸਾਹਿਬ ਸਿੰਘ ਜੀ ਨੇ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਅਤੇ ਕਥਾ ਸਰਵਣ ਕੀਤੀ। ਇਸ ਸਮਾਗਮ ਤੇ ਪਹੁੰਚ ਕੇ ਸੰਗਤ ਵੱਲੋਂ ਵੱਧ ਚੜ੍ਹ ਕੇ ਮਾਇਆ ਦੀ ਸੇਵਾ ਵੀ ਕੀਤੀ ਗਈ।

ਇਹਨਾਂ ਵਿਚੋਂ ਕੁਝ ਦਾਨੀ ਸੱਜਣ ਹਨ: ਸਰਬ-ਜੀਤ ਥਿਆੜਾ 5100 ਡਾਲਰ, ਬਲਰਾਜ ਰੰਧਾਵਾ 5000 ਡਾਲਰ, ਗੁਰਮੇਲ ਨਾਗਰਾ 1100 ਡਾਲਰ, ਸੱਚਖੰਡ ਰੋਜ਼ਵਿਲ 1100 ਡਾਲਰ, ਸੁਖਮਨੀ ਸਾਹਿਬ ਵਾਲੀਆਂ ਬੀਬੀਆਂ 1100 ਡਾਲਰ, ਗੁਰਜੀਤ ਹੁੰਦਲ 1001 ਡਾਲਰ, ਕੈਪੀਟਲ ਸਿੱਖ ਸੈਂਟਰ ਐਲਕ-ਗਰੋਵ 1000 ਡਾਲਰ, ਗੁਰਨਾਮ ਪੰਮਾ 1000 ਡਾਲਰ, ਜਸਵੀਰ ਸਿੰਘ 1000 ਡਾਲਰ, ਸੁਖਵੀਰ ਰਾਏ 1000 ਡਾਲਰ, ਮਨਜਿੰਦਰ ਨਾਗਰਾ 1000 ਡਾਲਰ।

ਪੰਜ-ਪੰਜ ਸੌ ਡਾਲਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਵਿਚ ਮਨਜਿੰਦਰ ਹੁੰਦਲ, ਹਰਲੀਨ ਕੌਰ ਹੁੰਦਲ, ਹਰਭਜਨ ਤੂਰ, ਪਿਆਰਾ ਗੋਸਲ, ਅਜੀਤਪਾਲ ਸਿੰਘ ਅਤੇ ਪਰਮਜੀਤ ਸੰਧੂ ਦੇ ਨਾਂ ਵਿਸ਼ੇਸ਼ ਤੌਰ 'ਤੇ ਹਨ। ਇਸ ਤੋਂ ਇਲਾਵਾ ਸੰਗਤ ਨੇ ਵੱਧ ਚੜ੍ਹ ਕੇ ਮਾਇਆ ਦੀ ਸੇਵਾ ਕੀਤੀ। ਸਾਰੀ ਸੰਗਤ ਨੂੰ ਇਹ ਸਨਿਮਰ ਬੇਨਤੀ ਹੈ ਕਿ ਇਸ ਗੁਰੂ ਘਰ ਦੀ ਨਵੀਂ ਬਿਲਡਿੰਗ ਲਈ ਵੱਧ ਤੋਂ ਵੱਧ ਯੋਗਦਾਨ ਪਾਓ ਜੀ।

# 'ਵਿਸਾਖੀ ਲਿਸਟ' ਪੰਜਾਬੀ ਫਿਲਮ ਮੇਰੇ ਕੈਰੀਅਰ ਦੀ ਬਿਹਤਰੀਨ ਫਿਲਮ ਸਾਬਤ ਹੋਵੇਗੀ - ਜਿੰਮੀ ਸ਼ੇਰਗਿੱਲ



ਇਲੈਕਟ੍ਰੌਨਿਕ ਮੀਡੀਏ ਨੇ ਇਸ ਫਿਲਮ ਦਾ ਜ਼ਿਕਰ ਘਰ ਘਰ ਤੀਕਰ ਪਹੁੰਚਾਉਣ ਵਿਚ ਸ਼ਲਾਘਾਯੋਗ ਭੂਮਿਕਾ ਨਿਭਾਈ ਹੈ। ਵਿਸ਼ਵ ਭਰ ਵਿਚ 22 ਅਪ੍ਰੈਲ ਨੂੰ ਰਿਲੀਜ਼ ਹੋਣ ਵਾਲੀ 'ਵਿਸਾਖੀ ਲਿਸਟ' ਫਿਲਮ ਪੰਜਾਬੀਆਂ ਲਈ ਵਧੀਆ ਅਤੇ ਉਦੇਸ਼ ਭਰਪੂਰ ਉਪਰਾਲਾ ਸਾਬਤ ਹੋਵੇਗੀ। ਕਿਸੇ ਪ੍ਰੈੱਸ ਕਾਨਫਰੰਸ ਦੌਰਾਨ ਸ਼ਾਇਦ ਪਹਿਲੀ ਵਾਰ ਹੋਇਆ ਹੋਵੇਗਾ ਕਿ ਫਿਲਮ ਦੇ ਗੀਤ ਨਾਲ ਕੋਰੀਓਗ੍ਰਾਫੀ ਵੀ ਪੇਸ਼ ਕੀਤੀ ਗਈ ਹੋਵੇ। ਰਣਜੀਤ ਬਾਵਾ ਦੇ ਗੀਤ 'ਮਾਰਦਾ ਦਮਾਮੇ ਜੱਟ ਮੇਲੇ ਆ ਗਿਆ' ਤੇ ਕ੍ਰਿਸ਼ਮਾ ਡਾਂਸ ਅਕੈਡਮੀ ਦੀ ਜਯਾ ਸ਼ਰਮਾ ਦੀ ਅਗਵਾਈ ਅਤੇ 'ਵਿਰਸੇ ਦੇ ਸ਼ੌਕੀਨ' ਭੰਗੜਾ ਗਰੁੱਪ ਨੇ ਸਿੰਘ ਪ੍ਰੀਤ ਦੀ ਅਗਵਾਈ ਹੇਠ ਕੋਰੀਓਗ੍ਰਾਫੀ ਪੇਸ਼ ਕਰਕੇ ਮਹੌਲ ਨੂੰ ਮੁਕੰਮਲ ਸੰਗੀਤਕ ਬਣਾ ਦਿੱਤਾ। ਇਸ ਮੌਕੇ ਤੇ ਰਾਜਾ ਸਵੀਟ ਦੇ ਮੱਖਣ ਬੈਂਸ ਵਲੋਂ ਸੈਂਕੜਿਆਂ ਦੀ ਗਿਣਤੀ ਵਿਚ ਆਏ ਪਰਿਵਾਰਾਂ ਲਈ ਖਾਣੇ ਅਤੇ ਚਾਹ ਪਾਣੀ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਜਿੰਮੀ ਸ਼ੇਰਗਿੱਲ ਦੇ ਆਏ ਹੋਏ ਪ੍ਰਸ਼ੰਸ਼ਕਾਂ ਨੇ ਨਾ ਸਿਰਫ ਜੀ ਭਰ ਕੇ ਉਸ ਨਾਲ ਫੋਟੋਆਂ ਹੀ ਖਿਚਵਾਈਆਂ ਸਗੋਂ 'ਮਾਰਦਾ ਦਮਾਮੇ' ਗੀਤ ਤੇ ਜਿੰਮੀ ਨਾਲ ਨੱਚਣ ਦਾ ਚਾਅ ਵੀ ਪੂਰਾ ਕੀਤਾ।

# ਸਟਿੰਗ ਅਪਰੇਸ਼ਨ ਦੌਰਾਨ ਕਾਬੂ ਆਏ 300 ਭਾਰਤੀ ਵਿਦਿਆਰਥੀਆਂ ਖ਼ਿਲਾਫ਼ ਕਾਰਵਾਈ

ਵਾਸ਼ਿੰਗਟਨ- ਅਮਰੀਕਾ ਵੱਲੋਂ ਪਿਛਲੇ ਦਿਨੀਂ ਸਟਿੰਗ ਅਪਰੇਸ਼ਨ ਦੌਰਾਨ ਕਾਬੂ ਆਏ ਉਨ੍ਹਾਂ 300 ਭਾਰਤੀ ਵਿਦਿਆਰਥੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ ਜੋ ਉਨ੍ਹਾਂ ਦੇ ਵੀਜ਼ੇ ਦੀ ਮਿਆਦ ਖ਼ਤਮ ਹੋਣ ਤੋਂ ਬਾਅਦ ਉਨ੍ਹਾਂ ਨੂੰ ਕਥਿਤ ਗੈਰਕਾਨੂੰਨੀ ਢੰਗ ਤਰੀਕੇ ਨਾਲ ਵਧਾਉਣ ਦੇ ਯਤਨ ਵਿੱਚ ਸਨ। ਅਮਰੀਕੀ ਸਰਕਾਰ ਦੇ ਇਕ ਅਧਿਕਾਰੀ ਨੇ ਕਿਹਾ ਕਿ ਭਾਰਤੀ ਵਿਦਿਆਰਥੀ ਭਾਵੇਂ ਜਾਇਜ਼ ਵੀਜ਼ੇ 'ਤੇ ਅਮਰੀਕਾ ਆਏ ਸੀ, ਪਰ ਇਥੇ ਆਪਣੀ ਠਹਿਰ ਦੌਰਾਨ ਉਨ੍ਹਾਂ ਵੀਜ਼ੇ ਦੀ ਮਿਆਦ ਵਧਾਉਣ ਲਈ ਗੈਰਕਾਨੂੰਨੀ ਰਾਹ ਅਖ਼ਤਿਆਰ ਕੀਤਾ। ਸਟੇਟ ਡਿਪਾਰਟਮੈਂਟ ਦੇ ਉਪ ਬੁਲਾਰੇ ਮਾਰਕ ਟੋਨਰ ਨੇ ਕਿਹਾ ਕਿ ਹੋਮਲੈਂਡ ਸਕਿਓਰਿਟੀ ਤੇ ਇਮੀਗਰੇਸ਼ਨ ਤੇ ਕਸਟਮ ਐਨਫੋਰਸਮੈਂਟ ਵੱਲੋਂ ਕੀਤੇ ਗਏ ਇਸ ਸਟਿੰਗ ਅਪਰੇਸ਼ਨ ਦੌਰਾਨ 306 ਵਿਦਿਆਰਥੀਆਂ ਨੂੰ ਨਾਜਾਇਜ਼ ਤਰੀਕੇ ਨਾਲ ਆਪਣੇ ਵਿਦਿਆਰਥੀ ਵੀਜ਼ੇ ਦੀ ਮਿਆਦ ਵਧਾਉਣ ਲਈ ਗੱਲਬਾਤ ਕਰਦਿਆਂ ਵਿਖਾਇਆ ਗਿਆ ਸੀ। ਇਸ ਸਟਿੰਗ ਅਪਰੇਸ਼ਨ ਦੇ ਆਧਾਰ 'ਤੇ 21 ਬ੍ਰੋਕਰਾਂ ਤੇ ਵਿਚੋਲੀਆਂ ਸਮੇਤ ਭਾਰਤੀ ਮੂਲ ਦੇ 11 ਵਿਅਕਤੀਆਂ ਨੂੰ ਪਿਛਲੇ ਹਫ਼ਤੇ ਕਾਬੂ ਕੀਤਾ ਗਿਆ।


BEST BAY AREA
Truck Driving School Inc.
3150 Kenneth St. Santa Clara CA 95050

* ਕਲਾਸ ਏ ਅਤੇ ਬੀ ਲਾਇਸੈਂਸ ਦੀ ਗਰੰਟੀ।
* ਵਧੀਆ ਅਤੇ ਫਾਸਟ ਸਰਵਿਸ, ਤਜਰਬੇਕਾਰ, ਮਿੱਠਬੋਲੜੇ ਅਤੇ ਮਿਲਾਪੜੇ ਇੰਸਟਰਕਟਰ।
* ਟਰੱਕ ਸਿੱਖਣ ਲਈ ਵਾਜਬ ਤੇ ਬਹੁਤ ਹੀ ਘੱਟ ਫੀਸ
* ਬਾਹਰੋਂ ਆਏ ਵੀਰਾਂ ਲਈ ਏਅਰਪੋਰਟ ਤੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ
* ਕਲਾਸ ਏ ਅਤੇ ਬੀ ਲਾਇਸੈਂਸ ਰੀਨਿਊ ਕਰਨ ਦਾ ਬਹੁਤ ਹੀ ਸਸਤਾ ਪ੍ਰਬੰਧ ਹੈ
* ਲਿਖਤੀ ਟੈਸਟ ਪਾਸ ਕਰਨ ਲਈ ਵਿਸ਼ੇਸ਼ ਪ੍ਰਬੰਧ ਹੈ
* ਰਿਹਾਇਸ਼ ਦਾ ਵੀ ਪ੍ਰਬੰਧ ਹੈ।



ਅਸੀਂ ਬੇ-ਏਰੀਏ ਦੇ ਸਾਰੇ ਸਕੂਲਾਂ ਤੋਂ ਘੱਟ ਫੀਸ ਲੈਂਦੇ ਹਾਂ।

ਫਰੀਮਾਂਟ, ਯੂਨੀਅਨ ਸਿਟੀ ਅਤੇ ਹੇਵਰਡ ਦੇ ਵੀਰਾਂ ਲਈ ਮੁਫਤ ਰਾਈਡ ਦਾ ਪ੍ਰਬੰਧ ਹੈ

ਸਕੂਲ ਰੋਜ਼ਾਨਾ ਸਵੇਰੇ 9 ਵਜੇ ਤੋਂ ਲੈ ਕੇ ਸ਼ਾਮ 6 ਵਜੇ ਤੱਕ ਖੁੱਲ੍ਹਾ ਰਹਿੰਦਾ ਹੈ।
ਨੋਟ: ਐਤਵਾਰ ਨੂੰ ਸਕੂਲ

ਅੱਜ ਹੀ ਸੰਪਰਕ ਕਰੋ

ਸਿੱਧੂ (Sidhu) 510-460-2093
ਢਿੱਲੋਂ (Dhillon) 510-786-8143
ਦਫਤਰ (Office) 408-988-2100





Sex Problem

ਮਰਦਾਨਾ ਕਮਜ਼ੋਰੀ

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ

E-mail:- shweat077@yahoo.com
www.surajvanshipharmacy.com

ਅਸਰ 3 ਦਿਨਾਂ ਤੋਂ ਸ਼ੁਰੂ

ਬੁਢਾਪੇ 'ਚ ਜਵਾਨੀ ਮਾਣੋ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ: 59/AY/PB.

ਸੈਕਸ ਵਿਚ ਭਰਪੂਰ ਜੋਸ਼ ਅਤੇ ਮਨਚਾਹਾ ਟਾਈਮ

ਵਿਆਹ ਤੋਂ ਪਹਿਲਾਂ ਜਾਂ ਵਿਆਹ ਤੋਂ ਬਾਅਦ ਹਰ ਉਮਰ 'ਚ ਹਾਸਲ ਕਰੋ

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ, ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਸਿਹਤ ਬਣਾਓ

ਵਾਲ ਝੜਨਾ ਜਾਂ ਸਫੈਦ ਹੋਣਾ

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi +91-98155-33933

# ਸੰਪਾਦਕੀ

ਪਰਮਾਣੂ ਬੰਬਾਂ ਤੋਂ ਬਚਾਅ ਦੀ ਸੰਭਾਵਨਾ ਫਿਲਹਾਲ ਨਜ਼ਰ ਨਹੀਂ ਆ ਰਹੀ ਹੈ। ਅੱਜ ਅੱਤਵਾਦ ਤੇ ਗ੍ਰਹਿ ਹਿੰਸਾ ਦੇ ਕਾਰਨ ਦੁਨੀਆਂ ਤੇ ਫਿਰ ਖਤਰਾ ਮੰਡਰਾ ਰਿਹਾ ਹੈ। ਪਰ ਜਿਹਨਾਂ ਮੁਲਕਾਂ ਨੇ ਕੁਝ ਕਰਨਾ ਹੈ, ਉਹਨਾਂ ਵਿਚ ਇੱਕਸੁਰਤਾ ਨਹੀਂ ਬਣ ਰਹੀ ਹੈ। ਹਾਲ ਹੀ ਵਿਚ ਪਰਮਾਣੂ ਸੁਰੱਖਿਆ ਸੰਮੇਲਨ ਹੋਇਆ, ਜਿਸ ਵਿਚ ਅਜਿਹਾ ਕੁਝ ਵੀ ਨਜ਼ਰ ਨਹੀਂ ਆਇਆ, ਜਿਹੜਾ ਇਸ ਦਿਸ਼ਾ ਵਿਚ ਕੋਈ ਠੋਸ ਕਦਮ ਚੁੱਕਣ ਵੱਲ ਸੰਕੇਤ ਕਰਦਾ ਹੋਵੇ। ਇੱਧਰ ਸੰਮੇਲਨ ਹੋ ਰਿਹਾ ਸੀ ਅਤੇ ਉਧਰ ਉਤਰੀ ਕੋਰੀਆ ਨੇ ਆਪਣੇ ਪੂਰਬੀ ਤਟ ਦੇ ਕੋਲ ਤੋਂ ਇਕ ਹੋਰ ਬਲਾਸਟਿਕ ਮਿਜ਼ਾਇਲ ਦਾਗ ਦਿੱਤੀ।

ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੁਨੀਆਂ ਨੂੰ ਪਰਮਾਣੂ ਹਮਲੇ ਦੇ ਸੰਕਟ ਤੋਂ ਬਚਾਉਣ ਲਈ ਆਮ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜਦਕਿ ਅਮਰੀਕੀ ਰਾਸ਼ਟਰ-ਪਤੀ ਚੋਣਾਂ ਵਿਚ ਰਿਪਬਲਿਕਨ ਪਾਰਟੀ ਦੇ ਸੰਭਾਵੀ ਉਮੀਦਵਾਰ ਡੋਨਾਲਡ ਟਰੰਪ ਕਹਿ ਚੁੱਕੇ ਹਨ ਕਿ ਅਮਰੀਕਾ ਨੂੰ ਜਾਪਾਨ ਅਤੇ ਦੱਖਣੀ ਕੋਰੀਆ ਵਰਗੇ ਮੁਲਕਾਂ ਨੂੰ ਸੁਰੱਖਿਆ ਦੇਣ ਦੀ ਲੋੜ ਨਹੀਂ ਹੈ, ਆਪਣੀ ਹਿਫਾਜ਼ਤ ਦੇ ਲਈ ਉਹਨਾਂ ਨੂੰ ਖੁਦ ਹੀ ਪਰਮਾਣੂ ਹਥਿਆਰ ਬਣਾ ਲੈਣੇ ਚਾਹੀਦੇ ਹਨ। ਹਾਲਾਂਕਿ ਬਾਅਦ ਵਿਚ ਉਹਨਾਂ ਨੇ ਸਫਾਈ ਦਿੱਤੀ ਕਿ ਉਹ ਪਰਮਾਣੂ ਸਮੱਗਰੀ ਪ੍ਰਸਾਰ ਦੇ ਖਿਲਾਫ ਹਨ। ਇਸ ਲੜੀ ਵਿਚ ਟਰੰਪ ਨੇ ਸੰਮੇਲਨ ਦੀ ਭਰੋਸੇਯੋਗਤਾ ਨੂੰ ਸੱਟ ਮਾਰੀ ਪਰ ਰੂਸ ਦੁਆਰਾ ਭਾਗ ਨਾ ਲੈਣ ਨਾਲ ਇਹ ਸੰਮੇਲਨ ਕੋਈ ਪ੍ਰਭਾਵ ਨਹੀਂ ਛੱਡ ਸਕਿਆ।

ਰੂਸ ਦੀ ਦਲੀਲ ਹੈ ਕਿ ਸੰਮੇਲਨ ਦੇ ਕੁਝ ਮੁੱਦਿਆਂ ਅਤੇ ਵਿਸ਼ਿਆਂ ਨੂੰ ਲੈ ਕੇ ਉਸਨੂੰ ਕੁਝ ਖਾਸ ਤਵੱਜੋਂ ਨਾ ਦਿੱਤੇ ਜਾਣ ਦੇ ਕਾਰਨ ਉਹ ਵਿਰੋਧ ਕਰਨ ਲਈ ਇਸ ਵਿਚ ਸ਼ਾਮਲ ਨਹੀਂ ਹੋਇਆ। ਇੱਧਰ ਚੀਨ ਦਾ ਰਵੱਈਆ ਵੀ ਸੰਮੇਲਨ ਦੀ ਮੂਲ ਭਾਵਨਾ ਤੋਂ ਥੋੜ੍ਹਾ ਅਲੱਗ ਦਿੱਸਿਆ। ਉਹ ਨਹੀਂ ਚਾਹੁੰਦਾ ਕਿ ਨੌਰਥ ਕੋਰੀਆ ਦੇ ਖਿਲਾਫ ਸਖਤ ਤੇਵਰ ਅਪਣਾਏ ਜਾਣ। ਸੰਮੇਲਨ ਦਾ ਸਭ ਤੋਂ ਅਹਿਮ ਏਜੰਡਾ ਇਹ ਰਿਹਾ ਕਿ ਪਰਮਾਣੂ ਸਮੱਗਰੀ ਨੂੰ ਇਸਲਾਮਿਕ ਸਟੇਟ ਅਤੇ ਦੂਜੇ ਕੱਟੜਪੰਥੀਆਂ ਦੇ ਹੱਥ ਲੱਗਣ ਤੋਂ ਕਿਵੇਂ ਰੋਕਿਆ ਜਾਵੇ।

ਅਮਰੀਕੀ ਰਾਸ਼ਟਰਪਤੀ ਸ਼੍ਰੀ ਓਬਾਮਾ ਨੇ ਕਿਹਾ ਕਿ ਉਹ ਅੱਤਵਾਦ ਨਾਲ ਲੜਨ ਦੇ ਯਤਨਾਂ ਦੀ ਸਮੀਖਿਆ ਕਰਨਗੇ ਅਤੇ ਪਰਮਾਣੂ ਹਥਿਆਰ ਅੱਤਵਾਦੀਆਂ ਦੇ ਹੱਥ ਪੈਣ ਤੋਂ ਰੋਕਣ ਲਈ ਸੁਰੱਖਿਆ ਉਪਾਵਾਂ ਦਾ ਜ਼ਿਕਰ ਕਰਨਗੇ। ਉਤਰੀ ਕੋਰੀਆ ਦਾ ਪਰਮਾਣੂ ਪ੍ਰੋਗਰਾਮ ਵੀ ਸੰਮੇਲਨ ਦਾ ਏਜੰਡਾ ਸੀ। ਓਬਾਮਾ ਨੇ ਕਿਹਾ ਕਿ ਉਤਰ ਕੋਰੀਆ ਦੀ ਭੜਕਾਊ ਕਾਰਵਾਈ ਦੇ ਮੱਦੇਨਜ਼ਰ ਕੌਮਾਂਤਰੀ ਭਾਈਚਾਰੇ ਨੂੰ ਇੱਕਜੁਟ ਹੋਣਾ ਚਾਹੀਦਾ ਹੈ ਪਰ ਇਸ ਮੁੱਦੇ ਤੇ ਸਿੱਧੀ ਗੱਲਬਾਤ ਅਮਰੀਕਾ, ਜਾਪਾਨ ਅਤੇ ਦੱਖਣੀ ਕੋਰੀਆ ਦੇ ਰਾਸ਼ਟਰ ਮੁਖੀਆਂ ਵਿਚਕਾਰ ਹੀ ਹੋ ਸਕੀ।

ਭਾਰਤ ਦੇ ਪ੍ਰਧਾਨ ਮੰਤਰੀ ਨੇ ਅੱਜ ਦੇ ਅੱਤਵਾਦ ਦਾ ਅਸਲੀ ਚਿਹਰਾ ਦਿਖਾਉਂਦਿਆਂ ਕਿਹਾ ਕਿ ਸਾਨੂੰ ਕਿਸੇ ਗੁਫਾ ਵਿਚ ਲੁਕੇ ਅੱਤਵਾਦੀ ਦੀ ਨਹੀਂ, ਅਜਿਹੇ ਅੱਤਵਾਦੀ ਦੀ ਭਾਲ ਹੈ, ਜਿਸ ਕੋਲ ਕੰਪਿਊਟਰ ਅਤੇ ਸਮਾਰਟਫੋਨ ਹੈ। ਅੱਤਵਾਦੀ 21ਵੀਂ ਸਦੀ ਦੀ ਤਕਨੀਕ ਅਪਣਾ ਰਹੇ ਹਨ, ਪਰ ਉਹਨਾਂ ਨਾਲ ਨਿਪਟਣ ਦੇ ਤਰੀਕੇ ਪੁਰਾਣੇ ਹਨ। ਜਿਹਨਾਂ ਮੁਲਕਾਂ ਨੇ ਇਸ ਤੇ ਵਿਚਾਰ ਕਰਨਾ ਹੈ, ਉਹ ਚੁੱਪ ਕਰਕੇ ਬੈਠੇ ਹਨ।

**-ਬਲਬੀਰ ਸਿੰਘ ਐਮ ਏ**


Balbir Singh M.A.
Editor in Chief & Publisher
e-mail: bsma54@gmail.com
Tel : 510-938-7771, Ph : 510-516-3536
36415 RUSCHIN DR. NEWARK, CA 94560

Pardes Times (2nd office)
Ranjit Kandola ,Managing Editor
530-315-1020, email-Kandola@macloans.net
550 N PALORA Ave, Yuba City (CA) 95991

Buta Ram joshi Staff Reporter, Fresno 559-803-0055

Web designed www.pardestimes.com
by Aman Bansil 510-589-2245


The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਭਾਰਤ ਵਿਚ ਔਰਤਾਂ ਦੇ ਵਿਆਹ/ਅਧਿਕਾਰਾਂ ਸਬੰਧੀ ਕਾਨੂੰਨਾਂ ਤੇ ਬਹਿਸ




Sinder Singh Pasiana
(Advocate)
Email - sindersingh2009@gmail.com
(91-86991-19745 M)


ਭਾਰਤ ਵਿਚ ਵੱਖ-ਵੱਖ ਧਰਮਾਂ ਦੇ ਅਲੱਗ-ਅਲੱਗ ਪ੍ਰਸਨਲ (ਨਿੱਜੀ) ਕਾਨੂੰਨ ਹਨ ਅਤੇ ਲੰਮੇ ਸਮੇਂ ਤੋਂ ਸਾਰਿਆਂ ਦੇ ਲਈ ਇਕ ਸਮਾਨ (ਕਾਮਨ ਲਾਅ) ਸਿਵਲ ਕੋਡ ਬਣਾਏ ਜਾਣ 'ਤੇ ਬਹਿਸ ਚੱਲ ਰਹੀ ਹੈ। 3 ਤਲਾਕ ਦਾ ਮਾਮਲਾ ਹੋਵੇ ਜਾਂ ਫਿਰ ਮੁਸਲਿਮ ਔਰਤਾਂ ਨਾਲ ਵਿਤਕਰੇ ਦਾ ਮਾਮਲਾ, ਅਦਾਲਤਾਂ ਵਿਚ ਸ਼ਿਕਾਇਤਾਂ ਵੱਧ ਰਹੀਆਂ ਹਨ। ਅਲੱਗ-ਅਲੱਗ ਧਰਮਾਂ ਦੇ ਪ੍ਰਸਨਲ ਲਾਅ ਦੇ ਕਾਰਨ ਅਜਿਹੇ ਮਾਮਲਿਆਂ ਵਿਚ ਸੀ. ਆਰ. ਪੀ. ਸੀ. ਅਤੇ ਦੂਜੇ ਆਮ ਕਾਨੂੰਨਾਂ ਦੇ ਹੱਥ ਬੰਨ੍ਹੇ ਹਨ। ਇਸ ਕਰਕੇ ਕਾਮਨ ਸਿਵਲ ਕੋਡ ਲਾਗੂ ਕਰਨ ਦੀ ਗੱਲ ਫਿਰ ਜ਼ੋਰ ਪਕੜ ਰਹੀ ਹੈ।

80 ਦੇ ਦਹਾਕੇ ਵਿਚ ਸ਼ਾਹਬਾਨੋ ਕੇਸ ਆਇਆ ਸੀ। ਉਹ ਮਾਮਲਾ ਮੁਸਲਿਮ ਔਰਤਾਂ ਨੂੰ ਗੁਜ਼ਾਰਾ ਭੱਤਾ ਦੇਣ ਨਾਲ ਜੁੜਿਆ ਸੀ। ਉਦੋਂ ਅਦਾਲਤ ਤੋਂ ਲੈ ਕੇ ਸੰਸਦ ਤੱਕ ਬਹਿਸ ਹੋਈ ਅਤੇ ਇਕ ਕਾਨੂੰਨ ਬਣਾ ਕੇ ਬਹਿਸ ਨੂੰ ਰੋਕ ਦੇਣ ਦੀ ਕੋਸ਼ਿਸ਼ ਕੀਤੀ ਗਈ ਪਰ ਬਹਿਸ ਖਤਮ ਨਹੀਂ ਹੋਈ। ਪਿਛਲੇ ਦਿਨੀਂ ਸਾਇਰਾ ਬਾਨੋ ਨਾਂਮੀ ਔਰਤ ਨੇ ਤਿੰਨ ਤਲਾਕ ਦੀ ਮੌਜੂਦਾ ਵਿਵਸਥਾ ਨੂੰ ਗੈਰ-ਸੰਵਿਧਾਨਕ ਕਰਾਰ ਦੇਣ ਲਈ ਅਦਾਲਤ ਵਿਚ ਅਰਜੀ ਦਾਖਲ ਕੀਤੀ। ਸੁਪਰੀਮ ਕੋਰਟ ਨੇ ਇਸ 'ਤੇ ਕੇਂਦਰ ਤੋਂ ਜਵਾਬ ਦਾਖਲ ਕਰਨ ਲਈ ਕਿਹਾ ਹੈ। ਹੁਣ ਸਰਕਾਰ ਇਸ ਮਾਮਲੇ 'ਤੇ ਆਪਣਾ ਪੱਖ ਰੱਖੇਗੀ।

ਸਾਇਰਾ ਬਾਨੋ ਉਤਰਾਖੰਡ ਦੇ ਕਾਸ਼ੀਪੁਰ ਵਿਚ ਰਹਿੰਦੀ ਹੈ। ਉਹਨਾਂ ਨੇ ਪਿਛਲੇ ਮਹੀਨੇ ਸੁਪਰੀਮ ਕੋਰਟ ਵਿਚ ਅਰਜੀ ਦਾਖਲ ਕਰਕੇ ਤਿੰਨ ਤਲਾਕ, ਨਿਕਾਹ ਹਲਾਲਾ ਅਤੇ ਮੁਸਲਿਮਾਂ ਵਿਚ ਇਕ ਤੋਂ ਵੱਧ ਵਿਆਹ ਪ੍ਰਥਾ ਨੂੰ ਚਣੌਤੀ ਦਿੱਤੀ। ਸਾਇਰਾ ਬਾਨੋ ਨੇ ਆਪਣੀ ਰਿੱਟ ਵਿਚ ਮੁਸਲਿਮ ਪ੍ਰਸਨਲ ਲਾਅ ਦੇ ਤਹਿਤ ਔਰਤਾਂ ਦੇ ਨਾਲ ਸੈਕਸ ਭੇਦਭਾਵ, ਇੱਕਪਾਸੜ ਤਲਾਕ ਅਤੇ ਪਹਿਲੇ ਨਿਕਾਹ ਦੇ ਕਾਇਮ ਹੁੰਦਿਆਂ ਮੁਸਲਿਮ ਪੁਰਸ਼ਾਂ ਦੁਆਰਾ ਦੂਜਾ ਨਿਕਾਹ ਕਰਨ ਦੇ ਮੁੱਦੇ 'ਤੇ ਸੁਪਰੀਮ ਕੋਰਟ ਨੂੰ ਵਿਚਾਰ ਕਰਨ ਦੀ ਬੇਨਤੀ ਕੀਤੀ। ਅਰਜੀ ਵਿਚ ਕਿਹਾ ਗਿਆ ਕਿ ਤਿੰਨ ਤਲਾਕ ਸੰਵਿਧਾਨਕ ਮੂਲ ਅਧਿਕਾਰ ਦੀ ਉਲੰਘਣਾ ਹੈ। ਇਸਲਾਮਿਕ ਮੁਲਕਾਂ ਵਿਚ ਵੀ ਤਲਾਕ ਦੇ ਲਈ 120 ਦਿਨਾਂ ਦਾ ਵਕਤ ਦਿੱਤਾ ਜਾਂਦਾ ਹੈ ਪਰ ਭਾਰਤ ਵਿਚ ਅਜਿਹਾ ਨਹੀਂ ਹੈ। ਸੁਪਰੀਮ ਕੋਰਟ ਨੇ ਕੇਂਦਰ ਤੋਂ ਉਸ ਕਮੇਟੀ ਦੀ ਰਿਪੋਰਟ ਦਾਖਲ ਕਰਨ ਲਈ ਕਿਹਾ ਹੈ, ਜਿਸਦਾ ਗਠਨ ਮੁਸਲਮਾਨਾਂ ਸਮੇਤ ਵੱਖ ਵੱਖ ਧਾਰਮਿਕ ਘੱਟ ਗਿਣਤੀਆਂ ਦੇ ਵਿਆਹ, ਤਲਾਕ ਅਤੇ ਸੁਰੱਖਿਆ ਨਾਲ ਸਬੰਧਤ ਪ੍ਰਸਨਲ ਲਾਅ ਦੇ ਵੱਖ-ਵੱਖ ਪਹਿਲੂਆਂ 'ਤੇ ਵਿਚਾਰ ਕਰਨ ਲਈ ਕਿਹਾ ਗਿਆ ਸੀ। ਕੋਰਟ ਨੇ ਕੇਂਦਰ ਨੂੰ 6 ਹਫਤੇ ਦਾ ਵਕਤ ਦਿੱਤਾ।

ਮੁਸਲਮਾਨ ਹੀ ਨਹੀਂ, ਦੂਜੇ ਧਰਮਾਂ ਵਿਚ ਵੀ ਪ੍ਰਸਨਲ ਲਾਅ ਨੂੰ ਲੈ ਕੇ ਸ਼ਿਕਾਇਤਾਂ ਆਈਆਂ ਹਨ। ਅਕਤੂਬਰ 2015 ਵਿਚ ਇਕ ਇਸਾਈ ਜੋੜੇ ਨੇ ਤਲਾਕ ਨਾਲ ਜੁੜੇ ਇਸਾਈ ਪ੍ਰਸਨਲ ਲਾਅ ਦੀ ਵਿਵਸਥਾ ਨੂੰ ਚੁਣੌਤੀ ਦਿੱਤੀ। ਇਸ ਦੇ ਮੁਤਾਬਕ ਤਲਾਕ ਦੇ ਲਈ 2 ਸਾਲ ਤੱਕ ਇੰਤਜ਼ਾਰ ਦੀ ਵਿਵਸਥਾ ਹੈ।

### ਪ੍ਰਸਨਲ ਲਾਅ ਵਿਚ ਕਿੰਨਾ ਦਖਲ?

ਸੀ. ਆਰ. ਪੀ. ਸੀ. ਦੀ ਧਾਰਾ 125 ਵਿਚ ਗੁਜਾਰਾ ਭੱਤੇ ਦੀ ਵਿਵਸਥਾ ਹੈ ਅਤੇ ਕੋਈ ਪ੍ਰਸਨਲ ਲਾਅ ਇਸ ਵਿਚ ਅੜਿੱਕਾ ਨਹੀਂ ਹੈ। ਸੀ. ਆਰ. ਪੀ. ਸੀ. ਦੇ ਤਹਿਤ ਦੂਜੀਆਂ ਔਰਤਾਂ ਵਾਂਗ ਮੁਸਲਿਮ ਔਰਤਾਂ ਵੀ ਗੁਜ਼ਾਰਾ ਭੱਤਾ ਮੰਗ ਸਕਦੀਆਂ ਹਨ। ਘਰੇਲੂ ਹਿੰਸਾ ਐਕਟ ਦੇ ਤਹਿਤ ਵੀ ਉਹ ਭੱਤਾ ਮੰਗ ਸਕਦੀ ਹੈ। ਕਈ ਮਾਮਲਿਆਂ ਵਿਚ ਧਾਰਾ 125 ਦੇ ਤਹਿਤ ਮੁਸਲਿਮ ਔਰਤਾਂ ਨੂੰ ਗੁਜ਼ਾਰਾ ਭੱਤਾ ਦਿੱਤਾ ਗਿਆ ਹੈ।ਪਰ ਸਿਵਲ ਅਧਿਕਾਰ ਤਾਂ ਸਿਵਲ ਕਾਨੂੰਨ ਨਾਲ ਹੀ ਚੱਲਦੇ ਹਨ। ਸੀ. ਆਰ. ਪੀ. ਸੀ. ਅਪਰਾਧਿਕ ਕਾਨੂੰਨਾਂ ਦੀ ਪ੍ਰਕਿਰਿਆ ਹੈ ਅਤੇ ਇਸ ਦੇ ਤਹਿਤ ਗੁਜ਼ਾਰਾ ਭੱਤੇ ਦਾ ਆਦੇਸ਼ ਕਿਸੇ ਔਰਤ ਦਾ ਅਧਿਕਾਰ ਸਾਬਤ ਨਹੀਂ ਕਰਦਾ। ਹਾਲਾਂਕਿ ਇਸਦੇ ਤਹਿਤ ਕਿਸੇ ਵੀ ਔਰਤ ਨੂੰ ਬਤੌਰ ਫੌਰੀ ਰਾਹਤ ਗੁਜ਼ਾਰਾ ਭੱਤਾ ਦਿੱਤਾ ਜਾਂਦਾ ਹੈ।

ਮੁਸਲਿਮ ਪ੍ਰਸਨਲ ਲਾਅ ਦੇ ਤਹਿਤ ਤਿੰਨ ਵਾਰ ਤਲਾਕ ਕਹਿ ਕੇ ਤਲਾਕ ਦਿੱਤਾ ਜਾ ਸਕਦਾ ਹੈ। ਨਿਯਮ ਦੇ ਤਹਿਤ ਨਿਕਾਹ ਦੇ ਵਕਤ ਮੇਹਰ ਦੀ ਰਕਮ ਵੀ ਤਹਿ ਕੀਤੀ ਜਾਂਦੀ ਹੈ। ਇਹ ਰਾਸ਼ੀ ਵਿਆਹ ਦੇ ਵਕਤ, ਵਿਆਹ ਤੋਂ ਬਾਅਦ ਜਾਂ ਫਿਰ ਤਲਾਕ ਦੇ ਵਕਤ ਵੀ ਦਿੱਤੀ ਜਾ ਸਕਦੀ ਹੈ। ਤਲਾਕ ਤੋਂ ਬਾਅਦ ਮੁਸਲਿਮ ਪੁਰਸ਼ ਫੌਰਨ ਵਿਆਹ ਕਰ ਸਕਦਾ ਹੈ ਪਰ ਔਰਤ ਨੂੰ 4 ਮਹੀਨੇ 10 ਦਿਨ ਤੱਕ ਯਾਨਿ ਈਦਤ ਪੀਰੀਅਡ ਤੱਕ ਇੰਤਜ਼ਾਰ ਕਰਨਾ ਪੈਂਦਾ ਹੈ। ਇਸ ਦੌਰਾਨ ਦੇਖਿਆ ਜਾਂਦਾ ਹੈ ਕਿ ਔਰਤ ਗਰਭਵਤੀ ਤਾਂ ਨਹੀਂ ਹੈ, ਜੇਕਰ ਨਹੀਂ ਹੈ ਤਾਂ ਈਦਤ ਪੀਰੀਅਡ ਤੋਂ ਬਾਅਦ ਉਹ ਦੁਬਾਰਾ ਵਿਆਹ ਕਰਵਾ ਸਕਦੀ ਹੈ। ਜੇਕਰ ਗਰਭਵਤੀ ਹੈ ਤਾਂ ਬੱਚੇ ਨੂੰ ਜਨਮ ਦੇਣ ਤੋਂ ਬਾਅਦ ਉਹ ਦੁਬਾਰਾ ਵਿਆਹ ਕਰਵਾ ਸਕਦੀ ਹੈ। ਈਦਤ ਦੌਰਾਨ ਪਤੀ ਨੂੰ ਗੁਜਾਰਾ ਭੱਤਾ ਦੇਣਾ ਪੈਂਦਾ ਹੈ। ਮੁਸਲਿਮ ਔਰਤ ਨੂੰ ਪਿਤਾ ਦੀ ਸੰਪਤੀ ਵਿਚ ਵੀ ਹਿੱਸਾ ਮਿਲਦਾ ਹੈ।

ਹਿੰਦੂ ਮੈਰਿਜ ਐਕਟ ਦੇ ਤਹਿਤ ਹਿੰਦੂ ਜੋੜਾ ਵਿਆਹ ਦੇ 12 ਮਹੀਨੇ ਬਾਅਦ ਆਪਸੀ ਸਹਿਮਤੀ ਨਾਲ ਤਲਾਕ ਦੀ ਅਰਜੀ ਦੇ ਸਕਦਾ ਹੈ। ਜੇਕਰ ਪਤੀ ਨੂੰ ਲਾਇਲਾਜ ਬਿਮਾਰੀ (ਏਡਜ਼ ਆਦਿ) ਹੋਵੇ ਤਾਂ ਉਹ ਸਬੰਧ ਬਣਾਉਣ ਦੇ ਅਸਮਰੱਥ ਹੋਵੇ ਤਾਂ ਵਿਆਹ ਦੇ ਫੌਰਨ ਬਾਅਦ ਵੀ ਤਲਾਕ ਦੀ ਅਰਜੀ ਦਿੱਤੀ ਜਾ ਸਕਦੀ ਹੈ। ਆਪਸੀ ਸਹਿਮਤੀ ਹੋਣ 'ਤੇ ਵੀ ਪਹਿਲੇ ਅਤੇ ਦੂਜੇ ਮੋਸ਼ਨ ਵਿਚਕਾਰ ਛੇ ਮਹੀਨੇ ਦਾ ਵਕਤ ਹੁੰਦਾ ਹੈ। ਫਿਰ ਤਲਾਕ ਦੀ ਡਿਗਰੀ ਪਾਸ ਕੀਤੀ ਜਾਂਦੀ ਹੈ। ਪਤੀ ਦੀ ਹੈਸੀਅਤ ਦੇ ਆਧਾਰ ਤੇ ਗੁਜ਼ਾਰੇ ਭੱਤੇ ਦੀ ਰਕਮ ਤਹਿ ਹੁੰਦੀ ਹੈ।

ਜਿੱਥੋਂ ਤੱਕ ਇਸਾਈਆਂ ਦੀ ਗੱਲ ਹੈ ਉਹ ਵਿਆਹ ਤੋਂ ਦੋ ਸਾਲ ਬਾਅਦ ਹੀ ਤਲਾਕ ਦੀ ਅਰਜੀ ਦਾਖਲ ਕਰ ਸਕਦੇ ਹਨ, ਉਸ ਤੋਂ ਪਹਿਲਾਂ ਨਹੀਂ। ਯਾਨਿ ਹਿੰਦੂ, ਮੁਸਲਿਮ ਅਤੇ ਇਸਾਈਆਂ ਦੇ ਲਈ ਅਲੱਗ-ਅਲੱਗ ਪ੍ਰਸਨਲ ਲਾਅ ਹਨ।ਸਿੱਖ, ਬੋਧੀ ਅਤੇ ਜੈਨੀ ਹਿੰਦੂ ਮੈਰਿਜ ਐਕਟ ਤਹਿਤ ਹੀ ਆਉਂਦੇ ਹਨ।

ਭਾਰਤ ਵਿਚ ਕਾਮਨ ਸਿਵਲ ਕੋਡ ਬਣਾਇਆ ਜਾਣਾ ਸੰਭਵ ਨਹੀਂ ਹੈ। ਇੱਥੇ ਅਲੱਗ-ਅਲੱਗ ਧਰਮਾਂ ਦੇ ਵੱਖਰੇ ਕਾਨੂੰਨ ਅਤੇ ਪ੍ਰੰਪਰਾਵਾਂ ਹਨ। ਕਈ ਸੂਬਿਆਂ ਦੇ ਰਲੇਵੇਂ ਦੇ ਵਕਤ ਇਹ ਤਹਿ ਹੋਇਆ ਸੀ ਕਿ ਉਹਨਾਂ ਦੇ ਕਾਨੂੰਨ ਅਤੇ ਰਵਾਇਤਾਂ ਵਿਚ ਦਖਲ ਨਹੀਂ ਦਿੱਤਾ ਜਾਵੇਗਾ। ਇੱਥੇ ਸਵਾਲ ਸਿਰਫ ਮੁਸਲਿਮ ਧਰਮ ਦਾ ਨਹੀਂ ਹੈ, ਭਾਰਤ ਵਿਚ ਹਰ ਧਰਮ ਦੇ ਪ੍ਰਸਨਲ ਲਾਅ ਹਨ। ਸੁਪਰੀਮ ਕੋਰਟ ਪਹਿਲਾਂ ਵੀ ਕਹਿ ਚੁੱਕੀ ਹੈ ਕਿ ਪ੍ਰਸਨਲ ਲਾਅ ਸੰਵਿਧਾਨ ਦੀ ਧਾਰਾ 25 ਦੇ ਤਹਿਤ ਸੁਰੱਖਿਅਤ ਹਨ। ਇਸ ਵਿਚ ਅਦਾਲਤ ਦਖਲ ਨਹੀਂ ਦੇ ਸਕਦੀ। ਇਹ ਕੰਮ ਸੰਸਦ ਦਾ ਹੈ। ਇਸ ਕਰਕੇ ਸੰਵਿਧਾਨ ਦੀ ਧਾਰਾ 14 ਦੇ ਸਮਾਨਤਾ ਦੇ ਅਧਿਕਾਰ ਦੇ ਮੱਦੇਨਜ਼ਰ ਇਸਦਾ ਟੈਸਟ ਨਹੀਂ ਹੋ ਸਕਦਾ।

# ਪੰਜਾਬ ਲਈ ਲਾਲ ਪਰੀ ਨੂੰ ਰੁਖ਼ਸਤ ਕਰਨ ਦਾ ਵੇਲਾ

- ਗੁਰਸ਼ਰਨ ਸਿੰਘ (ਡਾ.)

ਨਿਤੀਸ਼ ਕੁਮਾਰ ਨੇ ਵਾਅਦਾ ਕੀਤਾ ਅਤੇ ਪੁਗਾ ਦਿੱਤਾ। ਪਹਿਲੀ ਅਪਰੈਲ, 2016 ਤੋਂ ਸੂਬੇ ਵਿੱਚ ਸ਼ਰਾਬਬੰਦੀ ਲਾਗੂ ਕਰਨ ਲਈ ਬਿਹਾਰ ਸਰਕਾਰ ਨੂੰ ਵਧਾਈ। ਇਕ ਆਦਮੀ ਉਮੀਦ ਤੇ ਇੱਛਾ ਰੱਖਦਾ ਹੈ ਕਿ ਇਹ ਰੋਕ ਜਾਰੀ ਰਹਿ ਸਕਦੀ ਹੈ। ਆਂਧਰਾ ਪ੍ਰਦੇਸ਼, ਹਰਿਆਣਾ, ਮਿਜ਼ੋਰਮ ਅਤੇ ਤਾਮਿਲ ਨਾਡੂ ਨੇ ਵੀ ਪਿਛਲੇ ਸਮੇਂ ਦੌਰਾਨ ਸ਼ਰਾਬ 'ਤੇ ਪਾਬੰਦੀ ਲਗਾਈ ਸੀ ਪਰ ਇਸ ਨੂੰ ਵਾਪਸ ਲੈਣਾ ਪਿਆ ਸੀ। ਭਾਰਤ ਵਿੱਚ ਸ਼ਰਾਬ ਕਾਰਨ ਅਤੇ ਸ਼ਰਾਬ ਤੋਂ ਹੋਣ ਵਾਲੀਆਂ ਬਿਮਾਰੀਆਂ ਕਾਰਨ ਹੁੰਦੀਆਂ ਮੌਤਾਂ ਗੰਭੀਰ ਧਿਆਨ ਮੰਗਦੀਆਂ ਹਨ। ਇਕੱਲੇ ਸਾਲ 2012 ਵਿੱਚ ਭਾਰਤ ਵਿੱਚ 33 ਲੱਖ ਮੌਤਾਂ ਸ਼ਰਾਬ ਕਾਰਨ ਹੋਈਆਂ ਸਨ। ਉਸ ਸਾਲ ਸ਼ਰਾਬ ਕਾਰਨ ਵਿਸ਼ਵ ਭਰ 'ਚ ਹੋਈਆਂ ਮੌਤਾਂ ਦਾ ਇਹ 5.9 ਫ਼ੀਸਦ ਸੀ। ਵਿਸ਼ਵ ਸਿਹਤ ਸੰਗਠਨ (ਡਬਲਿਊਐਚਓ) ਦੇ 'ਯੀਅਰਜ਼ ਆਫ ਲਾਈਫ ਲਾਸਟ' ਪੈਮਾਨੇ, ਜਿਸ ਵਿੱਚ ਸਮੇਂ ਤੋਂ ਪਹਿਲਾਂ ਹੋਈਆਂ ਮੌਤਾਂ ਦੇ ਵੇਰਵੇ ਹਨ, ਵਿੱਚ ਭਾਰਤ ਨੂੰ ਚੌਥਾ ਸਥਾਨ ਦਿੱਤਾ ਗਿਆ ਸੀ। ਇਸ ਦਾ ਅਰਥ ਸਪੱਸ਼ਟ ਹੈ ਕਿ ਭਾਰਤ ਦੇ ਵੱਡੀ ਗਿਣਤੀ ਲੋਕ ਸ਼ਰਾਬ ਪੀਣ ਜਾਂ ਇਸ ਦੇ ਮਾੜੇ ਨਤੀਜਿਆਂ ਕਾਰਨ ਸਮੇਂ ਤੋਂ ਪਹਿਲਾਂ ਜਹਾਨੋਂ ਕੂਚ ਕਰ ਜਾਂਦੇ ਹਨ।

ਜ਼ਿਆਦਾ ਸ਼ਰਾਬ ਪੀਣ ਕਾਰਨ ਕਈ ਪ੍ਰਕਾਰ ਦੀਆਂ ਸਿਹਤ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਸ਼ਰਾਬ ਕਾਰਨ ਜਿਗਰ ਨੂੰ ਸੋਜ ਜਾਂ ਖ਼ਰਾਬ ਹੁੰਦਾ ਹੈ। ਤਕਰੀਬਨ 10 ਫ਼ੀਸਦੀ ਦੌਰੇ, ਟੀਬੀ, ਮਾਨਸਿਕ ਪ੍ਰੇਸ਼ਾਨੀ ਤੇ ਮਿਰਗੀ ਦੇ ਦੌਰੇ ਜ਼ਿਆਦਾ ਸ਼ਰਾਬ ਪੀਣ ਕਾਰਨ ਹੀ ਪੈਂਦੇ ਹਨ। ਡਬਲਿਊਐਚਓ ਦੀ 'ਸ਼ਰਾਬ ਤੇ ਸਿਹਤ' ਬਾਰੇ ਆਲਮੀ ਰਿਪੋਰਟ ਮੁਤਾਬਕ ਵਿਸ਼ਵ ਦੀ ਤਕਰੀਬਨ 38.3 ਫ਼ੀਸਦ ਆਬਾਦੀ ਰੋਜ਼ਾਨਾ ਸ਼ਰਾਬ ਪੀਂਦੀ ਹੈ। ਭਾਰਤ ਵਿੱਚ 30 ਫ਼ੀਸਦ ਲੋਕ ਰੋਜ਼ਾਨਾ ਸ਼ਰਾਬ ਪੀਂਦੇ ਹਨ, ਜਿਨ੍ਹਾਂ ਵਿੱਚੋਂ ਗਿਆਰਾਂ ਫ਼ੀਸਦ ਤਾਂ ਸਿਰੇ ਦੇ ਪਿਆਕੜ ਹਨ। ਇਕ ਆਮ ਭਾਰਤ ਵਾਸੀ ਸਾਲ ਵਿੱਚ 4.3 ਲਿਟਰ ਸ਼ਰਾਬ ਪੀ ਜਾਂਦਾ ਹੈ। ਪੇਂਡੂ ਇਲਾਕਿਆਂ ਵਿੱਚ ਸਾਲ ਦੀ ਪ੍ਰਤੀ ਵਿਅਕਤੀ ਇਹ ਖਪਤ ਦੁੱਗਣੀ ਤੋਂ ਵੱਧ 11.4 ਲਿਟਰ ਹੋ ਜਾਂਦੀ ਹੈ।

ਆਰਗੇਨਾਈਜੇਸ਼ਨ ਫਾਰ ਇਕਨਾਮਿਕਸ ਕੋਆਪਰੇਸ਼ਨ ਐਂਡ ਡਿਵੈਲਪਮੈਂਟ ਦੀ ਮਈ, 2015 ਵਿੱਚ ਜਾਰੀ ਹੋਈ ਰਿਪੋਰਟ ਅਨੁਸਾਰ ਸਾਲ 1992 ਤੋਂ 2012 ਦਰਮਿਆਨ ਸ਼ਰਾਬ ਪੀਣ ਵਾਲਿਆਂ ਦੀ ਗਿਣਤੀ ਵਿੱਚ 55 ਫ਼ੀਸਦ ਵਾਧਾ ਹੋਇਆ ਹੈ। ਨੌਜਵਾਨ ਪੀੜ੍ਹੀ ਵਿੱਚ ਸ਼ਰਾਬ ਪੀਣ ਦਾ ਤੇਜ਼ੀ ਨਾਲ ਵਧ ਰਿਹਾ ਰੁਝਾਨ ਚਿੰਤਾ ਦਾ ਵਿਸ਼ਾ ਹੈ। ਸਿਹਤ ਸਮੱਸਿਆ ਤੋਂ ਇਲਾਵਾ ਲੰਬੇ ਸਮੇਂ ਤਕ ਸ਼ਰਾਬ ਪੀਣ ਦੀ ਆਦਤ ਗ਼ਰੀਬੀ ਦੇ ਅਹਿਮ ਕਾਰਨਾਂ 'ਚੋਂ ਇਕ ਹੈ। ਦੇਸ਼ ਵਿੱਚ ਰੋਟੀ ਕਮਾਉਣ ਵਾਲਿਆਂ ਦੇ ਸ਼ਰਾਬ ਪੀਣ ਦੇ ਆਦੀ ਹੋਣ ਦੀ 10 ਫ਼ੀਸਦ ਵਧ ਸੰਭਾਵਨਾ ਹੁੰਦੀ ਹੈ। ਰੋਜ਼ਾਨਾ ਸ਼ਰਾਬ ਪੀਣ ਦੀ ਆਦਤ ਪਰਿਵਾਰਕ ਆਮਦਨ ਨੂੰ ਵੀ ਸੱਟ ਮਾਰ ਰਹੀ ਹੈ। ਦੇਸੀ ਅਤੇ ਰੂੜ੍ਹੀਮਾਰਕਾ ਸ਼ਰਾਬ ਲੋਕਾਂ ਦੀ ਸਿਹਤ ਲਈ ਜ਼ਹਿਰ ਹੈ, ਖਾਸ ਤੌਰ 'ਤੇ ਜੋ ਘੱਟ ਆਮਦਨ ਵਾਲੇ ਗਰੁੱਪ ਵਿੱਚ ਹਨ। ਦੇਸੀ ਸ਼ਰਾਬ ਵਿੱਚ ਪਾਈਆਂ ਜਾਂਦੀਆਂ ਹਾਨੀਕਾਰਕ ਚੀਜ਼ਾਂ ਹਰ ਸਾਲ ਕਈ ਜਾਨਾਂ ਲੈਂਦੀਆਂ ਹਨ। ਗੁਜਰਾਤ ਵਿੱਚ ਸਾਲ 2009 ਦੀ ਇਕ ਘਟਨਾ ਵਿੱਚ 136 ਮੌਤਾਂ ਹੋਈਆਂ ਸਨ। ਇਸ ਬਾਅਦ ਸੂਬਾਈ ਸਰਕਾਰ ਨੇ ਇਸ ਤਰ੍ਹਾਂ ਦੀ ਦੇਸੀ ਸ਼ਰਾਬ ਵੇਚਣ ਵਾਲਿਆਂ ਲਈ ਮੌਤ ਦੀ ਸਜ਼ਾ ਦਾ ਪ੍ਰਬੰਧ ਕੀਤਾ ਸੀ। ਮਹਾਰਾਸ਼ਟਰ ਵਿੱਚ ਜਨਵਰੀ, 2015 ਵਿੱਚ ਜ਼ਹਿਰੀਲੀ ਸ਼ਰਾਬ ਪੀਣ ਨਾਲ 94 ਮੌਤਾਂ ਹੋਈਆਂ ਸਨ। ਸ਼ਰਾਬ ਦੀ ਖਪਤ ਕਾਰਨ ਪੰਜਾਬ ਹਮੇਸ਼ਾ ਸੁਰਖੀਆਂ ਵਿੱਚ ਰਿਹਾ ਹੈ। ਪੰਜਾਬ ਤੋਂ ਇਲਾਵਾ ਦਾਦਰਾ ਤੇ ਨਗਰ ਹਵੇਲੀ, ਅਰੁਣਾਚਲ ਪ੍ਰਦੇਸ਼, ਅੰਡੇਮਾਨ-ਨਿਕੋਬਾਰ, ਆਂਧਰਾ ਪ੍ਰਦੇਸ਼, ਦਮਨ ਤੇ ਦੀਊ, ਸਿੱਕਮ ਤੇ ਪੁਡੂਚੇਰੀ 'ਚ ਵੀ ਸ਼ਰਾਬ ਦੀ ਵੱਡੀ ਖਪਤ ਹੈ। ਇਕ ਅਧਿਐਨ ਮੁਤਾਬਕ ਪੰਜਾਬ ਵਿੱਚ ਸਾਲ 2007 ਤੋਂ 2012 ਦਰਮਿਆਨ ਸ਼ਰਾਬ ਦੀ ਖਪਤ 60 ਫ਼ੀਸਦ ਵਧੀ ਹੈ। ਲਾਲ ਪਰੀ ਦੇ ਨਵੇਂ ਦੀਵਾਨਿਆਂ ਵਿੱਚ 15 ਤੋਂ 35 ਸਾਲ ਦੇ ਗੱਭਰੂ ਸ਼ਾਮਲ ਹਨ। ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਕੋਈ ਟਾਂਵਾ ਪਰਿਵਾਰ ਹੋਵੇਗਾ, ਜਿਸ ਦਾ ਕੋਈ ਜੀਅ ਸ਼ਰਾਬ ਜਾਂ ਕੋਈ ਹੋਰ ਨਸ਼ਾ ਨਾ ਕਰਦਾ ਹੋਵੇ। ਨਸ਼ਿਆਂ ਕਾਰਨ ਭਿਆਨਕ ਸੜਕ ਹਾਦਸੇ ਵਾਪਰਦੇ ਹਨ ਕਿਉਂਕਿ ਬਹੁਤੇ ਡਰਾਈਵਰ, ਖਾਸ ਤੌਰ 'ਤੇ ਟਰੱਕਾਂ ਵਾਲੇ, ਸ਼ਰਾਬ ਜਾਂ ਹੋਰ ਮਾਲ ਛਕੇ ਬਿਨਾਂ ਸਟੀਅਰਿੰਗ ਨੂੰ ਹੱਥ ਨਹੀਂ ਪਾਉਂਦੇ। ਪੰਜਾਬ ਸਰਕਾਰ ਹਰ ਸਾਲ ਸ਼ਰਾਬ ਤੋਂ ਚਾਰ-ਪੰਜ ਹਜ਼ਾਰ ਕਰੋੜ ਰੁਪਏ ਮਾਲੀਆ ਉਗਰਾਹੁੰਦੀ ਹੈ। ਬਿਹਾਰ ਵਿੱਚ ਵੀ ਸ਼ਰਾਬ ਤੋਂ ਚਾਰ ਹਜ਼ਾਰ ਕਰੋੜ ਰੁਪਏ ਕਮਾਈ ਹੁੰਦੀ ਹੈ। ਜੇਕਰ ਬਿਹਾਰ ਸਰਕਾਰ ਸ਼ਰਾਬ 'ਤੇ ਰੋਕ ਲਗਾ ਕੇ ਇਹ ਘਾਟਾ ਸਹਾਰ ਸਕਦੀ ਹੈ ਤਾਂ ਪੰਜਾਬ ਕੋਲ ਇਸ ਰੋਕ ਵਾਲੇ ਰਾਹ 'ਤੇ ਚੱਲਣ ਲਈ ਕੋਈ ਦਲੀਲ ਨਹੀਂ ਹੋ ਸਕਦੀ।

ਅਸਲ ਵਿੱਚ ਸ਼ਰਾਬ ਦੇ ਮਾਲੀਏ ਵਾਲਾ ਘਾਟਾ ਚੰਗੀ ਸਿਹਤ ਦੇ ਲਾਭ ਨਾਲ ਪੂਰਾ ਹੋ ਜਾਵੇਗਾ ਅਤੇ ਸ਼ਰਾਬ ਕਾਰਨ ਮੱਥੇ 'ਤੇ ਲੱਗਾ ਸਮਾਜਿਕ ਕਲੰਕ ਵੀ ਧੋਤਾ ਜਾਵੇਗਾ।

ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਖ਼ੁਦਕੁਸ਼ੀਆਂ ਵਧਣ ਦਾ ਕਾਰਨ ਸਮਾਜਿਕ ਨੱਕ ਰੱਖਣ ਲਈ ਵਿਆਹਾਂ 'ਤੇ ਵਿੱਤੋਂ ਬਾਹਰਾ ਖਰਚਾ ਕਰਨਾ ਮੰਨਿਆ ਜਾਂਦਾ ਹੈ, ਜਿਸ ਵਿੱਚ ਸ਼ਰਾਬ ਦਾ ਵੱਡਾ ਹਿੱਸਾ ਹੁੰਦਾ ਹੈ। ਇਨ੍ਹਾਂ ਤੱਥਾਂ ਦੇ ਆਧਾਰ ਉਤੇ ਕੀ ਪੰਜਾਬ ਦੀ ਪੰਥਕ ਸਰਕਾਰ ਸ਼ਰਾਬ 'ਤੇ ਰੋਕ ਲਾਉਣ ਬਾਰੇ ਸੋਚ ਸਕਦੀ ਹੈ? ਇਸ ਲਈ ਵੋਟ ਸਿਆਸਤ ਨੂੰ ਪਾਸੇ ਰੱਖ ਕੇ ਪੱਕਾ ਮਨ ਬਣਾਉਣ ਦੀ ਲੋੜ ਹੈ।

ਹੁਣ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਸਿਰ ਉਤੇ ਆ ਗਈਆਂ ਹਨ। ਕੀ ਜਿੱਤ ਦੇ ਦਾਅਵੇ ਕਰਨ ਵਾਲੀਆਂ ਰਾਜਸੀ ਪਾਰਟੀਆਂ ਆਪਣੇ ਚੋਣ ਮਨੋਰਥ ਪੱਤਰ ਵਿੱਚ ਸੱਤਾ ਵਿੱਚ ਆਉਣ 'ਤੇ ਸ਼ਰਾਬ 'ਤੇ ਪਾਬੰਦੀ ਲਗਾਉਣ ਦਾ ਵਾਅਦਾ ਕਰਨਗੀਆਂ? ਕੋਈ ਵੀ ਧਰਮ ਸ਼ਰਾਬ ਦੀ ਵਰਤੋਂ ਦੀ ਹਮਾਇਤ ਨਹੀਂ ਕਰਦਾ। ਇਸਲਾਮ ਵਿੱਚ ਸ਼ਰਾਬ ਦੀ ਮਨਾਹੀ ਹੈ ਅਤੇ ਹਿੰਦੂ ਧਰਮ ਵੀ ਇਸ ਨੂੰ ਨੈਤਿਕ ਬੁਰਾਈਆਂ ਵਿੱਚੋਂ ਇਕ ਮੰਨਦਾ ਹੈ। ਇਕ ਸੱਚਾ ਸਿੱਖ ਵੀ ਸ਼ਰਾਬ ਦੀ ਵਰਤੋਂ ਨਹੀਂ ਕਰਦਾ। ਵਿਸ਼ਵ ਭਰ ਵਿੱਚ ਵਸਦੇ ਸਿੱਖਾਂ ਲਈ ਅਕਾਲ ਤਖ਼ਤ ਸਾਹਿਬ ਸਰਬਉੱਚ ਹੈ।

# Commercial / Residential loans



**Our STATED commercial loan programs:**

Office, Retail, Warehouse, Self-Storage, Automotive Service
5+ units and Mixed-Use
Loan amounts from $75,000.00 to $750,000.00
No Income Verification / No 4506 / No Ratio
No Employment Verification
No Seasoning on Refi's using purchase price
700 Minimum Fico, Fully Amortized Loans
No Balloon Payment
Can fund in Individual, Trust or LLC / Corporation

We have 100% loan (USDA)
97% Conventional – no mortgage insurance
96.5% FHA
90% JUMBO no mortgage insurance
Interest only 5/1 ARM

Hiring Real Estate Agents & Loan Originators

**Our Full Doc Commercial loan programs:**

Construction Loans - Commercial
Multifamily, Industrial/Retail,
Office Buildings, Apartments
Minimum loan amount $350,000

**Great rates !!**
**Close fast !!**



## Gas Station Loans:

**PURCHASES**

Up to 85% LTV | Lowest Rates in the Industry
25 Year Fully Amortized Financing
Branded and Non-Branded
Seller Carry Options Available

**REFINANCES**

Up to 80% LTV | 20-25 Year Financing | Low Rates
Cash out for Improvements

Call us for your any commercial/residential scenario;

## MAC Real Estate Services

Since 2003
CaliforniaCommercial1@outlook.com



**Ranjit Kandola**
**530-755-1130**
NMLS # 347022, BRE # 01800662



**Sanjeev Sharma**
**530-218-6323**
NMLS #352848, BRE # 01786924

**No Closing Cost Refinance/Cash Out**
**Select your remaining years ie 8,9,10,11... to 30.**

No out-of-pocket cost except appraisal

# ਫਰਿਜ਼ਨੋ ਇਲਾਕੇ ਦੀਆਂ ਖਬਰਾਂ

ਜਰਨਲਿਸਟ
ਨੀਟਾ ਮਾਛੀਕੇ (559-333-5776) ਕੁਲਵੰਤ ਧਾਲੀਆਂ (ਐਮ ਏ) 559-473-9264

## ਫਰਿਜ਼ਨੋ ਵਿਖੇ ਸ੍ਰੀ ਦਸ਼ਮ ਗ੍ਰੰਥ ਸਾਹਿਬ ਦੇ ਸਤਿਕਾਰ ਸੰਬੰਧੀ ਅੰਤਰ ਰਾਸ਼ਟਰੀ ਪੱਧਰ ਦਾ ਵਿਸ਼ੇਸ਼ ਸੈਮੀਨਾਰ ਹੋਇਆ

ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਊੱਭੀ ਧਾਲੀਆਂ / ਨੀਟਾ ਮਾਛੀਕੇ): ਸਿੱਖ ਧਰਮ ਬਾਕੀ ਸਭ ਧਰਮਾਂ ਮੁਕਾਬਲੇ ਨਵਾਂ, ਅਧੂਨਿਕ ਸੋਚ ਅਤੇ ਸਾਂਝੀਵਾਰਤਾ ਵਾਲਾ ਧਰਮ ਹੈ। ਗੁਰਸਿੱਖਾ ਲਈ ਸਿੱਖ ਧਰਮ ਅੰਦਰ ਰਹਿਤ ਅਤੇ ਗੁਰਮਤਿ ਮਰਿਯਾਦਾ ਲਈ ਸਤਿਕਾਰ ਅਤੇ ਮਾਨਤਾ ਹੈ। ਪਰ ਪਿਛਲੇ ਕੁਝ ਸਮੇਂ ਤੋਂ ਸਿੱਖ ਮਿਸ਼ਨਰੀਆਂ ਦੁਆਰਾ ਪ੍ਰਚਾਰ ਲਈ ਅਪਣਾਏ ਜਾ ਰਹੇ ਪਰਾਤਨ ਸਿੱਖ ਇਤਿਹਾਸ ਸੰਬੰਧੀ ਵਰਤਾਰੇ, ਸੰਕੇ ਅਤੇ ਦਸ਼ਮ ਗ੍ਰੰਥ ਅੰਦਰ ਗੁਰਬਾਣੀ ਨੂੰ ਗੁਰੂ ਸਾਹਿਬ ਦਾ ਰਚਨਾ ਨਾ ਕਹਿਣਾ ਆਦਿਕ ਨੂੰ ਲੈ ਕੇ ਫਰਿਜ਼ਨੋ ਵਿਖੇ ਖੁੱਲੇ ਪੰਡਾਲ ਅੰਦਰ ਇਕ ਅੰਤਰ ਰਾਸ਼ਟਰੀ ਪੱਧਰ ਦਾ ਸੈਮੀਨਾਰ ਕਰਵਾਇਆ ਗਿਆ।

ਜਿਸ ਦੀ ਸੁਰੂਆਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਕੀਤੀ ਗਈ। ਇਸ ਸੰਬੰਧੀ ਹਾਜ਼ਰ ਬੁਲਾ-ਰਆ ਦਾ ਕਹਿਣਾ ਸੀ ਕਿ ਅੱਜ ਦੇ ਸਮੇਂ ਦੇ ਬਹੁਤ ਸਾਰੇ ਸਿੱਖ ਮਿਸ਼ਨਰੀ ਪ੍ਰਚਾਰਕ, ਬੁਲਾਰੇ ਅਤੇ ਸੰਤ ਸਿੱਖ ਧਰਮ ਨੂੰ ਪ੍ਰਚਾਰ ਦੇ ਬਹਾਨੇ ਅਸਲ ਵਿੱਚ ਢਾਹ ਲਾ ਰਹੇ ਹਨ। ਅਜਿਹਾ ਕਰਦੇ ਹੋਏ ਉਹ ਗੁਰਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਕਰ ਰਹੇ ਹਨ। ਇਸ ਸਮੇਂ ਪ੍ਰੋ. ਸਰਬਜੀਤ ਸਿੰਘ ਧੂੰਦਾ, ਘੱਗਾ ਅਤੇ ਭਾਈ ਪੰਥਪ੍ਰੀਤ ਸਿੰਘ ਆਦਿਕ ਮਿਸ਼ਨਰੀਆਂ ਦੇ ਨਾਵਾਂ ਦਾ ਜ਼ਿਕਰ ਵੀ ਬਹੁਤ ਵਾਰ ਹੋਇਆਂ ਕਿ ਉਹ ਸਿੱਖਾਂ ਦੀਆਂ ਧਾਰਮਿਕ ਮਰਿਯਾਦਾ ਅੰਦਰ ਆਪਣੀ ਮਨ ਮੱਤ ਵਰਤ ਵਿਗਾੜ ਪਾ ਰਹੇ ਹਨ। ਇਸ ਸਮੇਂ ਬੁਲਾਰਿਆਂ ਵਿਚ ਸ. ਗੁਰਪਾਲ ਸਿੰਘ ਹੰਸ਼ਰਾ ਨੇ ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾ ਦਿੱਤੀਆਂ ਕਿ ਸਿੱਖ ਮੜੀਆਂ, ਮਸ਼ੀਤੀ ਜਾਂ ਮੰਦਰੀ ਜਾਂ ਰਹੇ ਹਨ। ਇੰਗਲੈਡ ਤੋਂ ਪਹੁੰਚੇ ਬੁਲਾਰੇ ਡਾ. ਗੁਰਿੰਦਰ ਸਿੰਘ ਨੇ ਦਸ਼ਮ ਗ੍ਰੰਥ ਅਤੇ ਸ਼ਸ਼ਤਰਾ ਬਾਰੇ ਗੱਲ ਕਰਦੇ ਹੋਏ ਪ੍ਰਮਾਣਤ ਸਬੂਤਾਂ ਦੀ ਗੱਲ ਵੀ ਕੀਤੀ। ਜੋ ਕਿ ਅੱਜ ਵੀ ਗੁਰੂ ਸਾਹਿਬ ਅਤੇ ਵਿਦਵਾਨਾ



ਦੀਆਂ ਲਿਖਤਾ ਦੇ ਰੂਪ ਵਿੱਚ ਮੌਜੂਦ ਹਨ। ਭਾਈ ਗੁਰਪ੍ਰੀਤ ਸਿੰਘ ਨੇ ਸ੍ਰੀ ਦਸ਼ਮ ਗ੍ਰੰਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਮਾਨਤਾ ਦੀ ਗੱਲ ਕੀਤੀ। ਭਾਰਤ ਤੋਂ ਪਹੁੰਚੇ ਡਾ. ਅਨੁਰਾਗ ਸਿੰਘ ਨੇ ਦਸ਼ਮ ਗ੍ਰੰਥ ਅੰਦਰ ਚਰਿਤ੍ਰੋਪ-ਾਖਿਆਨ ਨੂੰ ਲੈ ਕੇ ਅਖੌਤੀ ਪਰਚਾਰਕਾ ਦੁਆਰਾ ਪਾਏ ਜਾ ਰਹੇ ਅਗਿਆਨ ਦੀ ਗੱਲ ਕੀਤੀ। ਡਾ. ਹਰਭਜਨ ਸਿੰਘ ਨੇ ਬਚਿੱਤਰ ਨਾਟਕ, ਭ੍ਰਾਤੀਆਂ ਅਤੇ ਸਮਾਧਾਨ 'ਤੇ ਵਿਚਾਰਾ ਕੀਤੀਆ।

ਇਸ ਸਮੇਂ ਹੋਰ ਬਹੁਤ ਸਾਰੇ ਬੁਲਾਰਿਆ ਅਤੇ ਪ੍ਰਚਾਰਕਾ ਨੇ ਵਿਚਾਰਾ ਦੀ ਸਾਂਝ ਪਾਈ। ਬਾਬਾ ਕਰਤਾਰ ਸਿੰਘ ਅਤੇ ਗੁ-ਰੂਘਰ ਦੇ ਪ੍ਰਬੰਧਕਾ ਵੱਲੋਂ ਸਮੂੰਹ ਬੁਲਾਰਿਆਂ ਨੂੰ ਸਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ।

ਸਟੇਜ ਸੰਚਾਲਨ ਡਾ. ਗੁਰਚੇਤ ਸਿੰਘ ਨੇ ਇਤਿਹਾਸਕ ਵਿਚਾਰਾ ਦਿੰਦੇ ਹੋਏ ਪੇਸ਼ ਕੀਤਾ ਅਤੇ ਪਖੰਡੀ ਪ੍ਰਚਾਰਕਾ ਤੋਂ ਬਚਣ ਦੀ ਅਪੀਲ ਕੀਤੀ। ਇਸ ਜਾਣਕਾਰੀ ਭਰਪੂਰ ਸਮਾਗਮ ਵਿੱਚ ਇਲਾਕੇ ਭਰ ਦੀਆਂ ਸੰਗਤਾਂ ਨੇ ਹਿੱਸਾ ਲਿਆ। ਗੁਰੂ ਦਾ ਲੰਗਰ ਅਤੁੱਟ ਵਰਤਿਆ।

ਇੱਥੇ ਇਹ ਗੱਲ ਵਰਨਣਯੋਗ ਹੈ ਕਿ ਵਾਦ-ਵਿਵਾਦ ਦੇ ਘੇਰੇ ਅੰਦਰ ਚਲ ਰਹੀ ਸਿੱਖ ਕੌਮ ਆਪਸ ਵਿੱਚ ਲੜ-ਲੜ ਆਪਸੀ ਰੰਜ਼ਸਾ ਕੱਢ ਰਹੀ ਹੈ। ਜਿਸ ਵਿੱਚ ਸਿਆਸੀ ਅਤੇ ਬਾਹਰੀ ਤਾਕਤਾ ਦਾ ਵੀ ਹੱਥ ਹੋ ਸਕਦਾ ਹੈ। ਪਰ ਦੁਖਾਂਤ ਦੀ ਗੱਲ ਇਹ ਹੈ ਕਿ ਦੂਜੇ ਧਰਮਾਂ ਦੇ ਲੋਕ ਇੰਨਾਂ ਦੀ ਫੁੱਟ ਦਾ ਫਾਇਦਾ ਉੱਠਾ ਸਿੱਖਾਂ ਨੂੰ ਧਰਮ ਬਦਲਣ ਲਈ ਪ੍ਰੇਰਿਤ ਕਰ ਰਹੇ ਹਨ। ਹੁਣ ਮੌਜ਼ੂਦਾ ਸਮੇਂ ਦੀ ਲੋੜ ਹੈ ਕਿ ਇਹ ਸਾਰੇ ਧਰਮ ਪ੍ਰਚਾਰਕ ਜਾਂ ਕੌਮ ਦੇ ਲੀਡਰ ਲਾਲਚ ਨੂੰ ਤਿਆਗ ਅਤੇ ਆਪਣੇ ਹੰਕਾਰ ਨੂੰ ਮਾਰ ਕੇ ਧਰਮ ਨੂੰ ਸਭ ਤੋਂ ਪਹਿਲਾ ਬਾਹਰੀ ਤਾਕਤਾ ਤੋਂ ਬਚਾਉਣ। ਅਹਿਜਾ ਕਰਦੇ ਹੋਏ ਧਰਮ ਦਾ ਸਤਿਕਾਰ ਅਤੇ ਇੰਨ੍ਹਾਂ ਦੀ ਹੋਂਦ ਵੀ ਬਰਕਰਾਰ ਰਹਿ ਸਕਦੀ ਹੈ।

## "ਆਪ" ਬੁਲਾਰੇ ਸੁਖਪਾਲ ਖਹਿਰਾ ਦੀ ਫਰਿਜ਼ਨੋ ਫੇਰੀ ਸਬੰਧੀ ਲੋਕਲ ਵਲੰਟੀਅਰਾਂ ਦੀ ਅਹਿਮ ਮੀਟਿੰਗ

ਫਰਿਜਨੋ (ਕੈਲੇਫੋਰਨੀਆਂ) ਨੀਟਾ ਮਾਛੀਕੇ- ਆਮ ਆਦਮੀਂ ਪਾਰਟੀ ਦੇ ਮੁੱਖ ਬੁਲਾਰੇ ਸੁਖਪਾਲ ਸਿੰਘ ਖਹਿਰਾ ਚੌਦਾਂ ਅਪ੍ਰੈਲ ਤੋਂ ਇੱਕ ਮਈ ਤੱਕ "ਆਪ" ਪਾਰਟੀ ਵੱਲੋਂ ਪ੍ਰਮਾਣਿਤ ਆਪਣੀ ਫੇਰੀ ਤੇ ਅਮਰੀਕਾ ਪਹੁੰਚ ਰਹੇ ਹਨ, ਜਿਥੇ ਉਹ ਅਮਰੀਕਾ ਦੇ ਵਖੋ-ਵੱਖ ਸ਼ਹਿਰਾ ਵਿੱਚ ਪਹੁੰਚਕੇ ਪ੍ਰਵਾਸੀਆਂ ਨੂੰ ਪਾਰਟੀ ਏਜੰਡੇ ਤੋਂ ਜਾਣੂ ਕਰਵਾਉਣਗੇ। ਇਸੇ ਕੜੀ ਤਹਿਤ ਉਹ ਫਰਿਜ਼ਨੋ ਦੇ ਐਡੀਸਨ ਸ਼ੋਸ਼ਲ ਕਲੱਬ ਵਿੱਖੇ ਉਨੀਂ ਅਪ੍ਰੈਲ ਦਿਨ ਮੰਗਲਵਾਰ ਸ਼ਾਮੀਂ ਛੇ ਵਜੇ ਪੰਜਾਬੀਆਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਨਗੇ।




ਇਸ ਪ੍ਰੋਗ੍ਰਾਮ ਦੀਆਂ ਤਿਆਰੀਆਂ ਸਬੰਧੀ ਫਰਿਜ਼ਨੋ ਆਪ ਵਲੰਟੀਅਰਾਂ ਦੀ ਇੱਕ ਅਹਿਮ ਮੀਟਿੰਗ ਸਥਾਨਿਕ ਇੰਡੀਆ ਓਵਨ ਰੈਸਟੋਰੈਂਟ ਵਿਖੇ ਹੋਈ, ਜਿਥੇ ਖਹਿਰਾ ਫੇਰੀ ਸਬੰਧੀ ਤਿਆਰੀਆਂ ਦਾ ਜਾਇਜਾ ਲੈਦਿਆਂ ਫਰਿਜ਼ਨੋ ਆਪ ਇਕਾਈ ਦੇ ਬੁਲਾਰੇ ਗੁਰਨੇਕ ਸਿੰਘ ਬਾਗੜੀ ਨੇ ਦੱਸਿਆ ਕਿ ਸਾਨੂੰ ਆਸ ਹੈ ਕਿ ਲੋਕੀਂ ਵੱਡੀ ਗਿਣਤੀ ਵਿੱਚ ਪਹੁੰਚਕੇ ਆਪਣੇ ਮਹਿਬੂਬ ਲੀਡਰ ਦੇ ਵਿਚਾਰ ਸੁਣਨਗੇ ਅਤੇ ਆਪਣੇ ਪ੍ਰਸ਼ਨ ਉਹਨਾਂ ਅੱਗੇ ਰੱਖਕੇ ਰਲ ਬੈਠਕੇ ਭ੍ਰਿਸ਼ਟ-ਾਚਾਰ, ਬੇਰੁਜ਼ਗਾਰੀ ਅਤੇ ਨਸ਼ੇ ਵਿੱਚ ਡੁਬਦੇ ਪੰਜਾਬ ਨੂੰ ਬਚ-ਾਉਣ ਲਈ ਵਿਚਾਰਾਂ ਕਰਨਗੇ।

ਇਸ ਮੌਕੇ ਉਹਨਾਂ ਸਮੂੰਹ ਪੰਜਾਬੀ ਭਾਈਚਾਰੇ ਨੂੰ ਇਸ ਸਮਾਗਮ ਵਿੱਚ ਪਹੁੰਚਣ ਦੀ ਪੁਰਜ਼ੋਰ ਅਪੀਲ ਕੀਤੀ ਅਤੇ ਕਿਹਾ ਕਿ ਇਸ ਪ੍ਰੋਗਰਾਮ ਲਈ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਕੇ ਫਰੀ ਪਾਰਕਿੰਗ ਦੇ ਨਾਲ ਨਾਲ ਜਿਥੇ ਚਾਹ ਪਕੌੜਿਆ ਦਾ ਪ੍ਰਬੰਧ ਹੋਵੇਗਾ ਉਥੇ ਸਭਨਾਂ ਲਈ ਲੰਗਰ ਵੀ ਅਤੁਟ ਵਰਤੇਗਾ। ਇਸ ਸਮਾਗਮ ਸਬੰਧੀ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ-

ਗੁਰਨੇਕ ਸਿੰਘ ਬਾਗੜੀ
(559) 916-6953
ਅਮੋਲਕ ਸਿੰਘ ਸਿੱਧੂ (559) 709-0089
ਸਤਵੰਤ ਵਿਰਕ (559) 978-3361
ਜੰਗੀਰ ਸਿੰਘ ਗਿੱਲ (559) 260-1240

## ਕੈਨੇਡਾ 'ਚ ਵਸਦੀਆਂ ਭਾਰਤੀ ਔਰਤਾਂ ਵਿੱਚ ਮੁੰਡੇ ਜੰਮਣ ਦੀ ਦਰ ਵਧੇਰੇ

ਟਰਾਂਟੋ- ਇੱਕ ਰਿਪੋਰਟ ਵਿੱਚ ਖੁਲਾਸਾ ਕੀਤਾ ਗਿਆ ਹੈ ਕਿ ਕੈਨੇਡਾ 'ਚ ਵਸਦੀਆਂ ਭਾਰਤੀ ਔਰਤਾਂ ਵਿੱਚ ਮੁੰਡੇ ਜੰਮਣ ਦੀ ਦਰ ਵਧੇਰੇ ਹੈ। ਇਸ ਰਿਪੋਰਟ ਵਿੱਚ 'ਪੁੱਤ ਦੀ ਲਾਲਸਾ' ਵੱਸ ਗਰਭਪਾਤ ਦੇ ਰੁਝਾਨ ਵੱਲ ਸੰਕੇਤ ਕੀਤੇ ਗਏ ਹਨ। ਕੈਨੇਡੀਅਨ ਮੈਡੀਕਲ ਐਸੋਸੀਏਸ਼ਨ ਦੇ ਰਸਾਲੇ ਵਿੱਚ ਛਪੀ ਇਸ ਖ਼ੋਜ ਰਿਪੋਰਟ ਮੁਤਾਬਕ 1993 ਤੋਂ 2012 ਦਰਮਿਆਨ ਕੈਨੇਡਾ ਦੀਆਂ ਜੰਮਪਲ ਔਰਤਾਂ ਨੇ 100 ਕੁ-ੜੀਆਂ ਪਿੱਛੇ 105 ਮੁੰਡੇ ਜੰਮੇ, ਜੋ ਕਿ ਦੁਨੀਆਂ ਦੀ ਔਸਤਨ ਦਰ ਸਮਝੀ ਜਾਂਦੀ ਹੈ। ਪਰ ਜਿਹੜੀਆਂ ਔਰਤਾਂ ਭਾਰਤ ਤੋਂ ਪਰਵਾਸ ਕਰ ਕੇ ਆਈਆਂ ਅਤੇ ਜਿਨ੍ਹਾਂ ਦੇ ਪਹਿਲਾਂ ਵੀ ਔਲਾਦ ਸੀ, ਉਨ੍ਹਾਂ ਨੇ 100 ਕੁੜੀਆਂ ਮਗਰ 138 ਮੁੰਡਿਆਂ ਨੂੰ ਜਨਮ ਦਿੱਤਾ। ਓਂਟਾਰੀਓ ਸੂਬੇ ਵਿੱਚ ਇਹ ਅੰਕੜੇ ਹੋਰ ਵੀ ਹੈਰਾਨਕੁਨ ਹਨ। ਇਸ ਸੂਬੇ ਵਿੱਚ ਜਿਨ੍ਹਾਂ ਭਾਰਤੀ ਔਰਤਾਂ ਦੇ ਪਹਿਲਾਂ ਹੀ ਦੋ ਕੁੜੀਆਂ ਸਨ ਅਤੇ ਤੀਜੇ ਜਣੇਪੇ ਵੇਲੇ ਗਰਭਪਾਤ ਕਰਵਾਇਆ ਇਹ ਅਨੁਪਾਤ 100 ਕੁੜੀਆਂ ਪਿੱਛੇ 326 ਮੁੰਡੇ ਹੋ ਗਿਆ ਹੈ। ਵੱਧ ਵਾਰ ਗਰਭਪਾਤ



ਕਰਾਉਣ ਵਾਲੀਆਂ ਮਾਵਾਂ ਦੇ ਅੰਕੜਿਆਂ ਵਿੱਚ ਇਹ ਅਨੁਪਾਤ 100-663 ਤੱਕ ਵਧ ਗਿਆ ਹੈ। ਮੁਲਕ ਅੰਦਰ ਕੋਈ 60 ਲੱਖ ਜਣੇਪਿਆਂ 'ਤੇ ਆਧਾਰਤ ਇਸ ਰਿਪੋਰਟ ਨੇ ਪਿਛਲੇ ਦੋ ਦਹਾਕਿਆਂ ਵਿੱਚ 4400 ਥੁੜਦੀਆਂ ਕੁੜੀਆਂ ਦਾ ਭਾਂਡਾ ਭਾਰਤੀ ਪਰਿਵਾਰਾਂ ਸਿਰ ਹੀ ਭੰਨ੍ਹਿਆ ਹੈ। ਟਰਾਂਟੋ ਦੇ ਸੇਂਟ ਮਾਈਕਲ ਹਸਪਤਾਲ ਤੋਂ ਖ਼ੋਜ ਦੇ ਮੋਢੀ ਲਿਖਾਰੀ ਮਾਰਸੇਲੋ ਉਰਕੀਆ ਨੇ ਕਿਹਾ ਕਿ ਲਿੰਗ ਦੀ ਮਨਮਰਜ਼ੀ ਨਾਲ ਚੋਣ ਵਾਸਤੇ 'ਇਨ-ਵੀਟਰੋ ਫਰਟੀਲਾਈਜ਼ੇਸ਼ਨ' ਵਰਗੇ ਢੰਗ ਤਰੀਕੇ ਕੈਨੇਡਾ ਵਿੱਚ ਗ਼ੈਰਕਾਨੂੰਨੀ ਹਨ। ਪਰ ਅਲਟਰਾਸਾਊਂਡ ਗਰਭ ਦੇ 14ਵੇਂ ਹਫਤੇ ਵਿੱਚ ਭਰੂਣ ਦੇ ਲਿੰਗ ਬਾਰੇ ਦੱਸ ਸਕਦਾ ਹੈ। ਇਸ ਮੌਕੇ ਔਰਤ (ਮਾਂ) ਚਾਹੇ ਤਾਂ ਗਰਭਪਾਤ ਕਰਵਾ ਸਕਦੀ ਹੈ। ਮਾਰਸੇਲੋ ਨੇ ਖਦਸ਼ਾ ਜ਼ਾਹਰ ਕੀਤਾ ਕਿ ਜਿਹੜੇ ਪਰਿਵਾਰ ਮੁੰਡੇ ਦੀ ਤਾਂਘ ਹੀ ਰੱਖਦੇ ਹਨ, ਉਹ ਜ਼ਾਹਰਾ ਤੌਰ 'ਤੇ ਕੈਨੇਡੀਅਨ ਨਿਯਮਾਂ ਦਾ ਲਾਭ ਉਠਾਉਂਦੇ ਹਨ, ਕਿਉਂਕਿ ਇੱਥੇ ਗਰਭਪਾਤ ਜਾਇਜ਼ ਹੈ ਅਤੇ ਇਸ ਦਾ ਖਰਚਾ ਵੀ ਸਿਹਤ ਵਿਭਾਗ ਹੀ ਚੁੱਕਦਾ ਹੈ

## ਵਰ ਦੀ ਲੋੜ

ਐਮ. ਐਸ. ਸੀ. ਸਾਈਕਲੌਜੀ ਅਤੇ 1 ਸਾਲਾ ਕੌਂਸਲਿੰਗ ਵਿਚ ਡਿਪਲੋਮਾ ਪ੍ਰਾਪਤ 30 ਸਾਲਾ ਭਾਰਤ ਰਹਿੰਦੀ, ਕੱਦ 5 ਫੁੱਟ 4 ਇੰਚ, ਇਸ ਵਕਤ ਪ੍ਰਾਈਵੇਟ ਹਸਪਤਾਲ ਵਿਚ ਕੰਮ ਕਰਦੀ ਲੜਕੀ ਲਈ ਵਰ ਦੀ ਲੋੜ ਹੈ। ਲੜਕੀ ਦੀ ਭੈਣ ਅਮਰੀਕੀ ਨਾਗਰਿਕ ਅਤੇ ਬਾਕੀ ਮੈਂਬਰ ਅਗਲੇ ਸਾਲ ਅਮਰੀਕਾ ਪਹੁੰਚ ਜਾਣਗੇ। ਲੜਕਾ 29 ਤੋਂ 33 ਸਾਲਾਂ ਦੀ ਉਮਰ ਵਿਚਕਾਰ, ਚੰਗਾ ਪੜ੍ਹਿਆ ਲਿਖਿਆ, ਚੰਗਾ ਦਿੱਸਦਾ, ਪਰਿਵਾਰਕ ਮਾਹੌਲ ਵਾਲਾ ਅਤੇ ਜੱਟ ਪਰਿਵਾਰ ਨਾਲ ਸਬੰਧਤ ਹੋਵੇ। ਸੰਪਰਕ ਕਰੋ:
858-375-8664

## ਅਕਾਲੀ ਦਲ ਤੇ ਕਾਂਗਰਸ ਦੇ ਸੰਵਿਧਾਨ ਨੂੰ 'ਚੜ੍ਹੀ' ਸ਼ਰਾਬ

ਫਰੀਦਕੋਟ- ਭਾਰਤ ਦੇ ਕੁਝ ਰਾਜਾਂ ਵੱਲੋਂ ਭਾਵੇਂ ਸ਼ਰਾਬ 'ਤੇ ਪੂਰਨ ਪਾਬੰਦੀ ਲਾਈ ਜਾ ਰਹੀ ਹੈ, ਪਰ ਪੰਜਾਬ ਸਰਕਾਰ ਲਈ ਆਪਣੇ ਬਾਸ਼ਿੰਦਿਆਂ ਦੀ ਸਿਹਤ ਨਾਲੋਂ ਸ਼ਰਾਬ ਤੋਂ ਹੁੰਦੀ ਕਮਾਈ ਵਧੇਰੇ ਅਹਿਮੀਅਤ ਰੱਖਦੀ ਹੈ। ਇਹੀ ਵਜ੍ਹਾ ਹੈ ਕਿ ਪੰਜਾਬ ਸਰਕਾਰ ਵੱਲੋਂ ਸ਼ਰਾਬ ਦਾ ਕੋਟਾ ਹਰ ਸਾਲ ਵਧਾਇਆ ਜਾਂਦਾ ਹੈ। ਪੰਜਾਬ ਦੀਆਂ ਦੋ ਮੁੱਖ ਪਾਰਟੀਆਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਤੇ ਕਾਂਗਰਸ ਦੇ ਸੰਵਿਧਾਨ ਵਿੱਚ ਸ਼ਰਾਬ ਪੀਣ ਦੀ ਮਨਾਹੀ ਹੈ, ਪਰ ਇਕ ਐਨਜੀਓ ਵੱਲੋਂ ਵਿੱਤੀ ਸਾਲ 2016-17 ਬਾਰੇ ਪੰਜਾਬ ਸਰਕਾਰ ਦੀ ਸ਼ਰਾਬ ਪਾਲਿਸੀ ਦੀ ਕੀਤੀ ਤੁਲਨਾਤਮਕ ਸਮੀਖਿਆ ਵਿੱਚ ਹੈਰਾਨੀਜਨਕ ਤੱਥ ਸਾਹਮਣੇ ਆਏ ਹਨ। ਰਿਪੋਰਟ ਮੁਤਾਬਕ ਪੰਜਾਬ ਦਾ ਹਰ ਵਿਅਕਤੀ ਸਾਲਾਨਾ 53.68 ਬੋਤਲਾਂ ਸ਼ਰਾਬ ਦਾ ਸੇਵਨ ਕਰਦਾ ਹੈ ਜਦਕਿ ਕੌਮੀ ਪੱਧਰ 'ਤੇ ਇਹ ਅੰਕੜਾ 0.82 ਲਿਟਰ ਹੈ।

## ਗੋਲੀਬਾਰੀ ਕਾਰਨ ਭਾਰਤੀ ਮੂਲ ਦੇ ਵਿਦਿਆਰਥੀ ਦੀ ਮੌਤ

ਨਿਊ ਯਾਰਕ- ਅਮਰੀਕਾ ਦੇ ਨਿਊਜਰਸੀ ਵਿੱਚ ਗੋਲੀਬਾਰੀ ਦੀ ਘਟਨਾ ਵਿੱਚ ਰੁਟਜਰਜ਼ ਯੂਨੀਵਰਸਿਟੀ ਦੇ ਭਾਰਤੀ ਮੂਲ ਦੇ 21 ਸਾਲਾ ਇਕ ਵਿਦਿਆਰਥੀ ਦੀ ਮੌਤ ਹੋ ਗਈ ਅਤੇ ਅਪਾਰਟਮੈਂਟ ਵਿੱਚ ਉਸ ਨਾਲ ਇਕ ਹੀ ਕਮਰੇ ਵਿੱਚ ਰਹਿਣ ਵਾਲਾ ਇਕ ਹੋਰ ਵਿਅਕਤੀ ਫੱਟੜ ਹੋ ਗਿਆ। ਇਹ ਗੋਲਾਬਾਰੀ ਯੂਨੀਵਰਸਿਟੀ ਦੇ ਕੈਂਪਸ ਦੇ ਨੇੜੇ ਵਿਦਿਆਰਥੀਆਂ ਦੇ ਅਪਾਰਟਮੈਂਟ ਵਿੱਚ ਹੋਈ। ਅਸੈਕਸ ਕਾਊਂਟੀ ਪ੍ਰਾਸੀਕਿਊਟਰ ਦੇ ਦਫ਼ਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਯੂਨੀਵਰਸਿਟੀ ਵਿੱਚ ਅਰਥਸ਼ਾਸਤਰ ਦੀ ਪੜ੍ਹਾਈ ਕਰ ਰਹੇ ਸ਼ਾਨੀ ਪਟੇਲ ਨੂੰ ਨੇਵਾਰਕ



ਵਿੱਚ ਐਤਵਾਰ ਨੂੰ ਗੋਲੀ ਮਾਰੀ ਗਈ। ਗੋਲੀਬਾਰੀ ਵਿੱਚ ਜ਼ਖ਼ਮੀ ਹੋਏ ਵਿਅਕਤੀ ਦੀ ਪਛਾਣ ਨਹੀਂ ਦੱਸੀ ਗਈ। ਪੁਲੀਸ ਨੇ ਕਿਹਾ ਹੈ ਕਿ ਗੋਲੀਬਾਰੀ ਬਗੈਰ ਸੋਚੇ ਸਮਝੇ ਨਹੀਂ ਕੀਤੀ ਗਈ। ਹਾਲੇ ਤੱਕ ਕਿਸੇ ਮਸ਼ਕੂਕ ਦੀ ਪਛਾਣ ਨਹੀਂ ਕੀਤੀ ਗਈ ਤੇ ਨਾ ਹੀ ਕਿਸੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਮਾਮਲੇ ਦੀ ਜਾਂਚ ਜਾਰੀ ਹੈ। ਚਾਂਸਲਰ ਨੈਨਸੀ ਕੈਂਟਰ ਨੇ ਇਸ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਹਮਲਾਵਰਾਂ ਦੀ ਗਿਣਤੀ ਦੋ ਸੀ ਤੇ ਉਨ੍ਹਾਂ ਦੀ ਉਮਰ 20 ਸਾਲ ਤੋਂ ਵੱਧ ਸੀ।

# ਪਰਗਟਿਓ ਖਾਲਸਾ



ਸੁਰਿੰਦਰ ਸੁੱਨੜ
805-512-5092

ਸਤਿਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ। ਮਰਿਯਾਦਾ ਪ੍ਰਸ਼ੋਤਮ ਰਾਮ ਵੀ ਗਰਬ ਜੂਨ ਭੋਗ ਕੇ ਇਨਸਾਨੀ ਜੀਵਨ ਵਿੱਚ ਆਏ। ਦੁਨੀਆਂ ਦੇ ਸਾਰੇ ਮਹਾਂਪੁਰਖ ਆਪਣੀਂ ਜਨਨੀਂ ਮਾਂ ਦੇ ਗ਼ਰਬ ਵਿੱਚੋਂ ਪੈਦਾ ਹੋਏ। ਭਾਈ ਗੁਰਦਾਸ ਜੀ ਜੇ ਫੁਰਮਾਣ ਕਰਦੇ ਹਨ, ਉਸਤਿਗੁਰ ਨਾਨਕ ਪਰਗਟਿਆ'' ਤਾਂ ਗੁਰੂ ਨਾਨਕ ਦੇ ਪੰਚ ਭੂਤਕ ਜਿਸਮ ਬਾਰੇ ਨਹੀਂ ਗੱਲ ਕਰਦੇ। ਗੁਰੂ ਨਾਨਕ ਦੇਵ ਜੀ ਦੀ ਰਸਨਾਂ ਤੋਂ ਉਚਾਰਣ ਹੋਈ ਧੁਰ ਕੀ ਬਾਣੀਂ ਜੋ ਕਿ ਤ੍ਰੈਲੋਕ ਦਾ ਅੰਧੇਰ ਮੇਟਣ ਦੀ ਸਮਰਥਾ ਰੱਖਦੀ ਹੈ, ਉਸ ਬਾਣੀਂ ਦੀ ਗੱਲ ਕਰਦੇ ਹਨ। ਨਾਨਕ ਅਵਤਾਰ ਧਾਰਦੇ ਹਨ, ਲੇਕਿਨ ਧੁਰ ਕੀ ਬਾਣੀਂ ਪਰਗਟ ਹੋਈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਹਰ ਅਰਦਾਸੀਆ ਉਚਾਰਣ ਕਰਦਾ ਹੈ, ਉਗੁਰੂ ਗ੍ਰੰਥ ਜੀ ਮਾਨਿਓਂ ਪਰਗਟ ਗੁਰਾਂ ਕੀ ਦੇਹ'' ਗੁਰੂ ਗ੍ਰੰਥ ਸਿੱਖ ਜਗਤ ਦੇ ਹਾਜ਼ਰ ਨਾਜ਼ਰ ਗੁਰੂ ਵੀ ਹਨ, ਤੇ ਗੁਰਾਂ ਦਾ ਐਸਾ ਜਿਸਮ ਵੀ ਹਨ, ਐਸੀ ਦੇਹ ਹੈ ਸਤਿਗੁਰਾਂ ਦੀ ਜਿਸਨੇਂ ਕਿਸੇ ਮਾਂ ਦੇ ਗ਼ਰਬ ਚੋਂ'' ਜਨਮ ਨਹੀਂ ਲਿਆ, ਬਲਕਿ 6 ਗੁਰੂਆਂ, 15 ਭਗਤਾਂ, 4 ਰਾਗੀਆਂ ਢਾਡੀਆਂ ਅਤੇ 11 ਭੱਟਾਂ, ਕੁੱਲ ਮਿਲਾ ਕੇ 36 ਮਹਾਂਪੁਰਖਾਂ ਦੀ ਵਿਦਵਤਾ ਵਿੱਚੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਪਰਗਟ ਹੋਏ। ਗੁਰੂ ਨਾਨਕ ਦੇਵ ਜੀ ਦਾ, ਬਲਕਿ ਦਸਾਂ ਗੁਰੂਆਂ ਦਾ ਹਾਜ਼ਰ ਨਾਜ਼ਰ ਸਰੂਪ ਹੈ ਗੁਰੂ ਗ੍ਰੰਥ ਸਾਹਿਬ, ਅਤੇ ਇੱਕ ਹੋਰ ਐਸਾ ਸੱਚ ਹੈ ਜੋ ਸਿੱਖ ਸੰਗਤ ਨਾਲ ਸਾਂਝਾ ਕਰਨ ਨੂੰ ਦਿਲ ਕਰਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਹੀ ਸਾਡਾ ਰੱਬ ਹੈ। ਸਿੱਖ ਜਗਤ ਦਾ ਜਿਊਂਦਾ ਜਾਗਦਾ ਰੱਬ ਹੈ। ਅਵਤਾਰ ਮਹਾਂਪੁਰਖ ਪੀਰ ਔਲੀਏ ਜਿਨ੍ਹਾਂ ਦੀ ਕੋਈ ਜਨਨੀ ਹੈ ਉਹ ਜਨਮ ਲੈਂਦੇ ਹਨ। ਪਰ ਉਹ ਸ਼ਕਤੀ ਜਿਸ ਦੇ ਪਰਗਟ ਹੋਣ ਲਈ ਕਿਸੇ ਮਾਂ ਦੀ ਕਿਸੇ ਗ਼ਰਬ ਦੀ ਲੋੜ ਹੀ ਨਹੀਂ, ਉਹ ਸ਼ਕਤੀ ਪਰਗਟ ਹੁੰਦੀ ਹੈ। ਐਸੀ ਸ਼ਕਤੀ ਦੇ ਪਰਗਟ ਹੋਣ ਲਈ ਤਾਂ ਜਿਸਮ ਭੇਂਟ ਚੜ੍ਹਾਏ ਜਾਂਦੇ ਹਨ। ਦਸਮ ਪਿਤਾ 1699 ਵਿੱਚ ਪੰਜ ਸਿਰਾਂ ਦੀ ਮੰਗ ਕਰਦੇ ਹਨ, ਪੰਜ ਪੰਚ ਭੂਤਕ ਜਿਸਮਾਂ ਦੀ ਮੰਗ, ਪੰਜ ਗਿਆਨ ਇੰਦਰੀਆਂ ਵਾਲੇ, ਪੰਜ ਕਰਮ ਇੰਦਰੀਆਂ ਵਾਲੇ ਪੰਜ ਪਿਆਰੇ ਸੀਸ ਹਾਜ਼ਰ ਕਰਦੇ ਹਨ। ਪੰਜ ਪਿਆਰਿਆਂ ਨੇਂ ਸੀਸ ਗੁਰਾਂ ਨੂੰ ਸੌਂਪ ਦਿੱਤੇ, ਪੰਜ ਪਿਆਰਿਆਂ ਦੇ ਸੀਸ ਪਰਵਾਨ ਚੜ੍ਹੇ, ਮਾਂ ਦੇ ਗ਼ਰਬ ਚੋਂ ਜੋ ਜਨਮੇਂ ਸੀ ਉਹ ਸੀਸ ਗੁਰੂ ਪਿਤਾ ਦੀ ਕਿਰਪਾਨ ਦੀ ਛੋਹ ਪਰਾਪਤ ਕਰਕੇ ਜਿਸਮਾਨੀ ਤੌਰ ਤੇ ਮੁਕਤ ਹੋ ਗਏ। ਇਸ ਮਹਾਂਮੁਕਤੀ ਵਿੱਚੋਂ ਇੱਕ ਸ਼ਕਤੀ ਪਰਗਟ ਹੋਈ ਉਖਾਲਸਾ''। ਐਸੀ ਅਮਰ ਸ਼ਕਤੀ ਪਰਗਟ ਹੋਈ ਕਿ ਰਹਿੰਦੀ ਦੁਨੀਆਂ ਤੱਕ ਸਲਾਮਤ ਰਹੇਗੀ। ਖਾਲਸਾ ਪਰਗਟ ਹੋਇਆ ਪਰ ਕੋਈ ਦਿਨ ਐਸਾ ਹੋ ਹੀ ਨਹੀਂ ਸਕਦਾ ਜੋ ਖਾਲਸੇ ਦਾ ਅੰਤਕਾਲ ਹੋਵੇ।ਉ ਜੋਤੀ ਜੋਤ ਰਲੀ ਸੰਪੂਰਣ ਥੀਆ ਰਾਮ'' ਤਾਂ ਪੰਚ ਭੂਤਕ ਜਿਸਮ ਵਾਲਿਆਂ ਦੇ ਚੜ੍ਹਾਈ ਕਰ ਜਾਣ ਤੇ ਗਾਇਣ ਕੀਤਾ ਜਾਂਦਾ ਹੈ ਪਰ ਪਰਗਟ ਹੋਣ ਵਾਲੇ ਮੋਇਆ ਹੀ ਨਹੀ ਕਰਦੇ ਨਾਂ ਹੀ ਗੁਰੂ ਗ੍ਰੰਥ ਸਾਹਿਬ ਤੇ ਨਾਂ ਹੀ ਗੁਰੂ ਖਾਲਸੇ ਦਾ ਕੋਈ ਅੰਤਕਾਲ ਹੋਵੇਗਾ। ਹਰ ਸਿੱਖ ਦੇ ਹਿਰਦੇ ਵਿੱਚ ਖਾਲਸਾ ਸ਼ਕਤੀ ਪਰਗਟ ਹੋ ਸਕਦੀ ਹੈ। ਅਰਦਾਸ ਕਰਦੇ ਹਾਂ ਕਿ ਸਿੱਖ ਸੰਗਤਾਂ ਦੇ ਜੀਵਨ ਵਿੱਚ ਸੰਪੂਰਣ ਸਤਿਗੁਰੂ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੀ ਸੀਰਤ ਅਤੇ ਖਾਲਸਾ ਸਰੂਪ ਦਾ ਵਾਰਾ ਪਹਿਰਾ ਹੋ ਜਾਏ। ਦੁਨਿਆਵੀ ਤੌਰ ਤੇ ਤਾਂ ਹਰ ਸਿੱਖ ਸ਼ਬਦ ਗੁਰੂ ਦਾ ਸੰਪੂਰਣ ਸਤਿਕਾਰ ਕਰਦਾ ਹੈ, ਸਾਡੇ ਜੀਵਨ ਵਿੱਚੋਂ ਰੱਬ ਕਰਕੇ ਗੁਰੂ ਸੀਰਤ ਦੀ ਝਲਕ ਪੈਣ ਲੱਗ ਜਾਏ, ਸਾਡੀ ਸੂਰਤ ਵਿੱਚੋਂ ਸਾਡੇ ਪੁਰਖਿਆਂ ਵਰਗਾ ਸਰੂਪ ਦਿਸਣ ਲੱਗ ਜਾਏ। ਬਾਕੀ ਸਾਰੀ ਦੁਨੀਆਂ ਆਪੋ ਆਪਣੇ ਰੱਬ ਕਿਸੇ ਸਤਵੇਂ ਅਸਮਾਨ ਤੋਂ ਭਾਲਦੇ ਫਿਰਦੇ ਹਨ। ਸਿੱਖ ਜਗਤ ਤੇ ਪਰਮਾਤਮਾਂ ਦੀ ਐਸੀ ਕਿਰਪਾ ਹੋਈ ਕਿ ਦੁਨੀਆਂ ਦੇ ਹਰ ਕੋਨੇ ਵਿੱਚ ਜਿੱਥੇ ਜਿੱਥੇ ਵੀ ਗੁਰੂ ਸੇ ਸਿੱਖ ਵੱਸਦੇ ਹਨ ਗੁਰੂ ਸਾਡੇ ਨਾਲ ਹੈ। ਗੁਰੂ ਗ੍ਰੰਥ ਸਾਹਿਬ ਹੀ ਸਿੱਖ ਦਾ ਸਭ ਕੁਝ ਹੈ ਤੇ ਸਿੱਖ ਅਰਦਾਸ ਵੀ ਗੁਰੂ ਦੇ ਸਨਮੁਖ ਹੋ ਕੇ ਕਰਦਾ ਹੈ। ਉਜੋ ਮਾਂਗੇ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ'' ਪਰ ਸਾਡੀ ਮੰਗ ਸਹੀ ਹੋਣੀ ਚਾਹੀਦੀ ਹੈ। ਸ਼ਸਤਰ ਅਤੇ ਸ਼ਾਸਤਰ ਦੋਵੇਂ ਹੀ ਸਿੱਖਾਂ ਲਈ ਇੱਕੋ ਜਿਹੀ ਅਹਿਮੀਅਤ ਰੱਖਦੇ ਹਨ। ਉਦੇਗ ਤੇਗ ਫਤਿਹ'' ਵਾਹੇਗੁਰੂ ਜੀ ਕਾ ਖਾਲਸਾ ਵਾਹੇਗੁਰੂ ਜੀ ਕੀ ਫਤਿਹ॥

# ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ



ਡਾਕਟਰ ਅਜੀਤ ਸਿੰਘ ਕੋਟਕਪੂਰਾ
drsinghajit@gmail.com
585-305-0443

ਸਿਆਣਿਆ ਨੇ ਫਰਮਾਇਆ ਹੈ ਕੇ ਜਿਓਣਾ ਝੂਠ ਹੈ ਤੇ ਮਰਨਾ ਸਚ ਹੈ । ਜੇ ਕਰ ਮੌਤ ਇੱਕ ਸਚਾਈ ਹੈ ਤਾਂ ਅਸੀਂ ਇਤਨਾ ਅਡੰਬਰ ਕਿਓਂ ਰਚਦੇ ਹਾਂ। ਕੀ ਅਸੀਂ ਇੱਕ ਕਫਨ ਲੈਣ ਦੀ ਖਾਤਿਰ ਇਤਨਾ ਲੰਬਾ ਪੈਂਡਾ ਤੇਹ ਕਰਦੇ ਹਾਂ । ਇਹ ਇੱਕ ਅਜੀਬ ਸੋਚ ਨੇ ਅੱਜ ਮੇਰੇ ਉਤੇ ਅਸਰ ਕੀਤਾ ਹੈ ਤੇ ਮੈਂ ਸਚਾਈ ਲਭ ਲੈਣ ਦੇ ਯਤਨ ਵਿਚ ਅੱਗੇ ਵਲ ਕਦਮ ਵਧਾ ਰਿਹਾ ਹੈ ਪ੍ਰੰਤੂ ਮੈਂ ਜਿਓਂ ਜਿਓਂ ਅੱਗੇ ਵਧਦਾ ਹਾਂ ਮੈਨੂੰ ਮੇਹਸੂਸ ਹੋ ਰਿਹਾ ਹੈ ਕਿ ਮੈਂ ਡੂੰਘੇ ਅੰਧੇਰੇ ਵਿਚ ਘਿਰਦਾ ਜਾ ਰਿਹਾ ਹਾਂ। ਦੁਨੀਆਂ ਵਿਚ ਫੈਲੇ ਹੋਏ ਵਖ ਵਖ ਧਰਮਾਂ ਦੀਆਂ ਕਿਤਾਬਾਂ ਦਾ ਅਧਿਅਨ ਕਰਨ ਦਾ ਯਤਨ ਕਰਦਾ ਹਾਂ ਹਰ ਧਰਮ ਵਖਰੇ ਤੌਰ ਤੇ ਸਮਝਾਣ ਦੇ ਯਤਨ ਕਰਦਾ ਹੈ।

ਜੇ ਜਾਣਾ ਮਿਰ ਜਾਈਐ ਘਿਮ ਨ ਆਈਐ ॥
ਝੂਠੀ ਦੁਨੀਆ ਲਿਗ ਨ ਆਪੁ ਵਵਾਈਐ ॥੨॥
ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ ॥
ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ ॥੩॥
ਛੈਲ ਲੰਘੰਦੇ ਪਿਰ ਗੋਰੀ ਮਨੁ ਧਿਰਆ ॥
ਕੰਚਨ ਵੰਨੇ ਪਾਸੇ ਕਲਵਿਤ ਚਿਰਆ ॥੪॥
ਸੇਖ ਹੈਯਾਤੀ ਜਿਗ ਨ ਕੋਈਿ ਥਰੁ ਰਿਹਆ ॥
ਜਿਸੁ ਆਸਿਣ ਹਮ ਬੈਠੇ ਕੇਤੇ ਬਿਸ ਗਇਆ ॥੫॥
ਕਿਤਕ ਕੂੰ ਜ੧ ਚਿਤ ਡਉ ਸਾਵਿਣਿ ਬਜੁਲੀਆਂ ॥
ਸੀਆਲੇ ਸੋਹੰਦੀਆਂਿ ਪਰ ਗਿਲ ਬਾਹੜੀਆਂ ॥੬॥
ਚਲੇ ਚਲਣਹਾਰਿ ਵਚਾਰਾ ਲੇਇ ਮਨੋ ॥
ਗੰਢਿਦਆਂਿ ਛਅ ਮਾਹ ਤੁੜੰਦਿਆਂਿ ਹਕੁਿ ਖਨੋ ॥੭॥
ਜਿਮੀ ਪੁਛੈ ਅਸਮਾਨ ਫਰੀਦਾ ਖੇਵਟਿ ਕੰਿਨ ਗਏ ॥
ਜਾਲਣ ਗੋਰਾ ਨਿਲ ਉਲਾਮੇ ਜੀਅ ਸਹੇ ॥੮॥੨॥
{ਪੰਨਾ 488}

ਬਾਬਾ ਸ਼ੇਖ ਫਰੀਦ ਜੀ ਰਾਗ ਆਸਾ, ਜੋ ਸ਼੍ਰੀ ਗੁਰੂ ਗਰੰਥ ਸਾਹਿਬ ਜੀ ਦੇ ਅੰਕ 488 ਉਪਰ ਸੁਭਾਏਮਾਨ ਹੈ- ਵਿਚ ਵਰਣਨ ਕਰਦੇ ਹਨ ਕਿ ਜੇ ਕਰ ਅਸੀਂ ਇਹ ਜਾਣਦੇ ਹਾਂ ਕਿ ਅੰਤ ਵਿਚ ਮਰਨਾ ਹੈ ਤੇ ਫੇਰ ਵਾਪਸ ਵੀ ਨਹੀਂ ਆਣਾ ਤਾਂ ਇਸ ਝੂਠੀ ਦੁਨੀਆ ਵਿਚ ਮਸਤ ਹੋ ਕੇ ਆਪਣਾ ਆਪ ਕਿਓਂ ਗਵਾ ਰਹੇ ਹਾਂ। ਹਮੇਸ਼ਾ ਸਚ ਦਾ ਪਲ ਫੜੀਏ ਤੇ ਆਪਣੇ ਗੁਰੂ ਵਲੋਂ ਦਸੇ ਰਾਹ ਉਪਰ ਚਲੀਏ । ਜਦੋਂ ਜਵਾਨਾ ਨੂੰ ਲੰਘਦੇ ਦੇਖਿਆ ਤਾਂ ਕਮਜ਼ੋਰ ਇਸਤਰੀ ਦਾ ਮਨ ਵੀ ਹੌਸਲਾ ਕਰ ਲੈਂਦਾ ਹੈ ।ਮਨ ਨੂੰ ਸਮਝਾਣ ਦਾ ਯਤਨ ਕੀਤਾ ਹੈ ਕਿ ਤੂੰ ਸੰਤ ਜਨਾ ਦੀ ਸੰਗਤ ਕਰ ਜੇਹੜੇ ਸੋਨੇ ਵਾਲੇ ਪਾਸੇ ਅਰਥਾਤ ਮਾਇਆ ਵਿਚ ਉਲਝ ਜਾਂਦੇ ਹਨ ਓਹ ਆਰੇ ਨਾਲ ਚੀਰੇ ਜਾਂਦੇ ਹਨ । ਇਸ ਸੰਸਾਰ ਉਪਰ ਕੋਈ ਵੀ ਸਥਿਰ ਨਹੀਂ ਰਹ ਸਕਿਆ ਜਿਸ ਥਾਂ ਤੇ ਹੁਣ ਬੈਠੇ ਹਾਂ ਕਿਤਨੇ ਹੀ ਬੈਠ ਬੈਠ ਕੇ ਜਾ ਚੁਕੇ ਹਨ । ਉਦਾਹਰਣ ਸਮੇਤ ਦਸਿਆ ਗਿਆ ਹੈ ਕਿ ਇਹ ਜਗ ਚਲਣਹਾਰ ਹੈ ਜਮੀਨ ਅਤੇ ਅਸਮਾਨ ਇਸ ਦੇ ਅਗਵਾਹ ਹਨ ਕਿ ਬੇਅੰਤ ਲੋਕ ਛੋਟੇ ਅਤੇ ਵੱਡੇ ਇਸ ਦੁਨਿਆ ਤੋਂ ਜਾ ਚੁਕੇ ਹਨ ਉਨ੍ਹਾ ਦੇ ਸਰੀਰ ਕਬਰਾਂ ਵਿਚ ਗਲ ਚੁਕੇ ਹਨ ਅਤੇ ਕੀਤੇ ਕੰਮਾਂ ਦਾ ਲੇਖਾ ਤਾਂ ਦੇਣਾ ਹੀ ਪੈਂਦਾ ਹੈ ।

ਇਤਿਹਾਸ ਵਿਚੋਂ ਝਾਤ ਮਾਰਿਆਂ ਸਾਨੂੰ ਸਚਾਈ ਵੀ ਨਜਰ ਪੈਂਦੀ ਹੈ ਕਿਹਾ ਜਾਂਦਾ ਹੈ ਕਿ ਜਦ ਬਾਬਾ ਬੁਢਾ ਜੀ ਦੀ ਉਮਰ ਬਾਰਾਂ ਸਾਲਾਂ ਦੀ ਹੋਈ ਤਾਂ ਗੁਰੂ ਨਾਨਕ ਦੇਵ ਜੀ ਫਿਰਦੇ ਹੋਏ ਰਮਦਾਸ ਦੇ ਕੋਲ ਆ ਰੁਕੇ । ਇਨ੍ਹਾਂ ਨੇ ਬਾਬਾ ਨਾਨਕ ਜੀ ਦੇ ਦਰਸ਼ਨ ਕੀਤੇ ਅਤੇ ਇਨ੍ਹਾਂ ਨੂੰ ਗੁਰੂ ਜੀ ਬੜੇ ਪਿਆਰੇ ਲਗੇ ਅਤੇ ਮਨ ਵਿਚ ਗੁਰੂ ਜੀ ਦੀ ਸੇਵਾ ਕਰਨ ਦਾ ਚਾ ਪੈਦਾ ਹੋਇਆ । ਓਹ ਉਨ੍ਹਾਂ ਲਈ ਦੁਧ ਅਤੇ ਮਖਣ ਦੇ ਪੈੜੇ ਲੈ ਕੇ ਹਾਜਰ ਹੋਇਆ ।

ਗੁਰੂ ਜੀ ਨੇ ਪੁਛਿਆ -- ਕਾਕਾ ਤੇਰਾ ਨਾਮ ਕੀ ਹੈ ? ਅਤੇ ਕੀ ਕੰਮ ਕਰਦਾ ਹੈਂ ?

ਬੂੜਾ -- ਸਚੇ ਪਾਤਸ਼ਾਹ! ਮਾਪਿਆ ਨੇ ਮੇਰਾ ਨਾਮ ਬੂੜਾ ਰਖਿਆ ਹੈ। ਅਤੇ ਮੈਂ ਮਝੀਆਂ ਦਾ ਵਾਗੀ ਹਾਂ॥

ਗੁਰੂ ਜੀ-- ਤੂੰ ਸਾਡੇ ਪਾਸ ਕੀ ਇਛਾ ਧਾਰ ਕੇ ਆਇਆ ਹੈਂ। ਅਤੇ ਤੂੰ ਕੀ ਚਾਹੌਂਦਾ ਹੈਂ ?

ਬੂੜਾ -- ਜੀ ਮੇਰੀ ਬੇਨਤੀ ਹੈ ਕਿ ਮੈਨੂੰ ਮੌਤ ਦੇ ਦੁਖ ਤੋਂ ਬਚਾਓ । ਇਸ ਚੁਰਾਸੀ ਦੇ ਗੇੜ ਵਿਚ ਕਢ ਕੇ ਮੁਕਤੀ ਪ੍ਰਦਾਨ ਕਰੋ ।

ਗੁਰੂ ਜੀ ਨੇ ਕਿਹਾ ਕੇ ਤੇਰੀ ਖੇਡਣ ਦੀ ਉਮਰ ਹੈ ਤੇਨੂੰ ਮੌਤ ਦੇ ਖਿਆਲਾਂ ਅਤੇ ਮੁਕਤੀ ਦੇ ਖਿਆਲਾਂ ਦਾ ਧਿਆਨ ਵਡੇ ਹੋ ਕੇ ਕਰਨ ਦੀ ਲੋੜ ਹੈ। ਤਾਂ ਬੂੜੇ ਨੇ ਆਖਿਆ ਕੇ ਹੋ ਸਕਦਾ ਹੈ ਮੈਂ ਵਡਾ ਨਾ ਹੋਵਾਂ ਅਤੇ ਮੌਤ ਪੇਹਲਾਂ ਹੀ ਘੇਰ ਲਵੇ। ਗੁਰੂ ਜੀ ਦੇ ਪੁਛਣ ਤੇ ਕਿ ਇਹ ਵਿਚਾਰ ਤੇਰੇ ਮਨ ਵਿਚ ਕਿਵੇਂ ਆਇਆ। ਤਾਂ ਬੂੜੇ ਨੇ ਦਸਿਆ ਕਿ ਕੁਝ ਸਮਾਂ ਹੋਇਆ ਕੁਝ ਪਠਾਨ ਸਾਡੇ ਪਿੰਡ ਵਿਚੋਂ ਲੰਘੇ ਸਨ ਓਹ ਬਦੋ ਬਦੀ ਸਾਡੀਆਂ ਫਸਲਾਂ ਵਢ ਕੇ ਲੈ ਗਏ ਸਨ ਜਿਸ ਵਿਚ ਕਚੀਆਂ ਅਤੇ ਪਕੀਆਂ ਅਤੇ ਅਧ ਪਕੀਆਂ ਫਸਲਾਂ ਸ਼ਾਮਲ ਸਨ । ਇਸੇ ਤਰਾਂ ਮੌਤ ਵੀ ਜਦੋਂ ਮਰਜੀ ਆ ਕੇ ਬਚੇ ਗਭਰੂ ਅਤੇ ਬੁੜ੍ਹੇ ਨੂੰ ਆ ਕੇ ਨਪ ਲਵੇਗੀ ।ਇਸ ਲਈ ਮੈਨੂੰ ਮੌਤ ਤੋਂ ਡਰ ਲਗਦਾ ਹੈ ਅਤੇ ਮੇਰਾ ਇਹ ਡਰ ਦੂਰ ਕਰ ਦਿਓ ਸਚੇ ਪਾਤਸ਼ਾਹ ਜੀ।

ਗੁਰੂ ਜੀ ਨੇ ਹੱਸ ਕੇ ਉਤਰ ਦਿਤਾ ਤੂੰ ਬਚਾ ਨਹੀ ਬੁਢਾ ਹੈਂ ਅਤੇ ਗਲਾਂ ਬੁਢਿਆਂ ਵਾਲੀਆਂ ਕਰ ਰਿਹਾ ਹੈਂ । ਹੋਸਲਾਂ ਰਖ ਰੱਬ ਮੌਤ ਨਾਲੋਂ ਕੀਤੇ ਵਡਾ ਹੈ ਅਤੇ ਬਲਵਾਨ ਹੈ ਜੇ ਕਰ ਤੂੰ ਰੱਬ ਦਾ ਹੋ ਜਾਵੇਂ ਤਾਂ ਮੌਤ ਤੈਨੂੰ ਡਰਾ ਨਹੀ ਸਕੇਗੀ ਅਤੇ ਓਹ ਤੇਰੇ ਤੋਂ ਡਰਨ ਲੱਗ ਜਾਵੇਗੀ ਤੂੰ ਜਨਮ ਮਾਰਨ ਦੇ ਗੇੜ ਤੋਂ ਮੁਕਤ ਹੋ ਜਾਵੇਂਗਾ । ਰੱਬ ਨੂੰ ਹਮੇਸ਼ਾ ਯਾਦ ਰਖਿਆ ਕਰ ਉਸ ਦਾ ਨਾਮ ਜਪਿਆ ਕਰ ਉਸ ਦੇ ਪੈਦਾ ਕੀਤੇ ਜੀਵਾਂ ਨਾਲ ਪਿਆਰ ਕਰਿਆ ਕਰ । ਪੂਰੇ ਪ੍ਰੇਮ ਨਾਲ ਉਨ੍ਹਾਂ ਦੀ ਸੇਵਾ ਕਰਿਆ ਕਰ ਤੇਰੇ ਸਭ ਦੁਖ ਦੂਰ ਹੋ ਜਾਣਗੇ । ਅਟਲ ਸਚਾਈ ਬਾਰੇ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਗਿਆਨ ਦਿਤਾ ਸੀ ਜੋ ਅੱਜ ਵੀ ਸਚ ਹੈ ।

ਇਹ ਤਾਂ ਸਚ ਹੀ ਹੈ ਕਿ ਮੌਤ ਨੇ ਇੱਕ ਦਿਨ ਆਓਣਾ ਹੀ ਹੈ । ਜਦੋਂ ਵੀ ਕੋਈ ਜੀਵ ਜੰਤੁ ਮਨੁਖ ਪੈਦਾ ਹੁੰਦਾ ਹੈ ਮੌਤ ਰਾਣੀ ਬਣ ਉਸ ਦੇ ਮੋਢਿਆਂ ਤੇ ਸਵਾਰ ਹੋ ਕੇ ਨਾਲ ਨਾਲ ਹੀ ਚਲਦੀ ਹੈ ਅਤੇ ਜਦੋਂ ਮਨ ਕਰਦਾ ਹੈ ਉਸ ਨੂੰ ਦਬੋਚ ਲੈਂਦੀ ਹੈ । ਵਸਤੂਆਂ ਨੂੰ ਸਟੋਰਾਂ ਉਪਰ ਵੇਚਣ ਲਈ ਪ੍ਰਬੰਧ ਕਰਤਾ ਨੇ ਫਿਫੋ (ਂਰਿਸਟ ਨਿ ਂਰਿਸਟ੍ਰਟੋਰ ੀਂ ) ਲਿਫੋ (ਅਸਟ ਨਿ ਂਰਿਸਟ੍ਰਟੋਰ.ੀਂ ) ਅਤੇ ਹਿਫੋ (ਗਿਹ- ਇਸਟ ਨਿ ਂਰਿਸਟ੍ਰਟੋਰ੍ਰੀਂ) ਨਿਯਮ ਬਣਾਏ ਹਨ ਪ੍ਰੰਤੂ ਮੌਤ ਇਨ੍ਹਾਂ ਵਿਚੋਂ ਕਿਸੇ ਵੀ ਨਿਯਮ ਦੀ ਪਾਲਣਾ ਨਹੀ ਕਰਦੀ ਹੈ ਅਤੇ ਜਦੋਂ ਮਰਜ਼ੀ ਬਿਨਾ ਉਮਰ ਦਾ ਹਿਸਾਬ ਕੀਤਿਆਂ ਪਹਲੇ ਜਾਂ ਪਿਛੋਂ ਆਇਆ ਨੂੰ, ਅਕਲਵੰਦ ਜਾਂ ਅਕਲਬੰਦ ਨੂੰ ਇਸ ਹਸਦੀ ਵਸਦੀ ਦੁਨੀਆ ਤੋਂ ਚਲੇ ਜਾਣ ਲਈ ਹੁਕਮ ਸੁਣਾ ਦਿੰਦੀ ਹੈ। ਅਸੀਂ ਦੇਖਦੇ ਹਾਂ ਕਿ ਸੂਰਜ ਚੜਦਾ ਹੈ ਦਿਨ ਹੁੰਦਾ ਹੈ ਤੇ ਫਿਰ ਰਾਤ ਆ ਜਾਂਦੀ ਹੈ ਸੂਰਜ ਚਲਾ ਜਾਂਦਾ ਹੈ ਅਤੇ ਚੰਦ੍ਰਮਾ ਦਿਖਾਈ ਦਿੰਦਾ ਹੈ। ਧਰਤੀ ਦੀ ਧੀਮੀ ਚਾਲ ਸਦਕਾ ਦਿਨ ਅਤੇ ਰਾਤ ਦੇ ਅਨੁਸਾਰ ਸਮਾਂ ਅੱਗੇ ਵਲ ਵਧਦਾ ਹੈ। ਪੌਦੇ ਉਗਦੇ ਹਨ ਉਨਾਂ ਨੂੰ ਫੁਲ ਅਤੇ ਫਲ ਲਗਦੇ ਹਨ। ਫੁਲ ਦਾ ਸਮਾਂ ਖਤਮ ਹੋ ਜਾਣ ਤੇ ਫੁਲ ਝੜ ਜਾਂਦੇ ਹਨ ਅਤੇ ਕੁਝ ਫੁਲ ਤੋਂ ਫਲ ਤਿਆਰ ਹੋ ਜਾਂਦੇ ਹਨ । ਫਲ ਕਚੇ ਤੋਂ ਪੱਕਦਾ ਹੈ। ਪੱਕ ਜਾਣ ਤੋਂ ਬਾਅਦ ਧਰਤੀ ਉਪਰ ਡਿਗ ਪੈਂਦਾ ਹੈ। ਮਨੁਖ ਪਸ਼ੂ ਜਾਂ ਪੰਛੀ ਇਸ ਨੂੰ ਖਾ ਲੈਂਦੇ ਹਨ ਅਤੇ ਉਸ ਦੇ ਅੰਦਰਲਾ ਬੀਜ ਫਿਰ ਧਰਤੀ ਤਕ ਪੁਜ ਜਾਂਦਾ ਹੈ ਉਸ ਬੀਜ ਤੋਂ ਨਵਾਂ ਪੌਦਾ ਬਣ ਜਾਂਦਾ ਹੈ ਤੇ ਇਹ ਕਿਰਿਆ ਦੁਹਰਾਈ ਜਾਂਦੀ ਹੈ। ਇਸ ਤਰਾਂ ਮਨੁਖ ਜਨਮ ਲੈਂਦਾ ਹੈ ਵੱਡਾ ਹੁੰਦਾ ਹੈ ਦੁਨਿਆਵੀ ਕੰਮ ਕਰਦਾ ਹੈ ਜੀਵਨ ਨੂੰ ਸੌਖਾ ਕਰਨ ਖਾਤਿਰ ਹਰ ਹੀਲਾ ਵਰਤਦਾ ਹੈ ਅੰਤ ਮੌਤ ਦੇ ਮੂੰਹ ਵਿਚ ਜਾ ਪੈਂਦਾ ਹੈ। ਏਹੋ ਜੀਵਨ ਦੀ ਅਟਲ ਸਚਾਈ ਕਿ ਕੁਦਰਤ ਦੀ ਹਰ ਸਿਰਜਨਾ ਦਾ ਅੰਤ ਹੋਣਾ ਹੈ ਅਤੇ ਇਸ ਨੂੰ ਟਾਲਣਾ ਵੀ ਸੰਭਵ ਨਹੀਂ ਹੈ। ਜਿਸ ਨੂੰ ਸਮੇਂ ਸਮੇਂ ਤੇ ਵਿਚਾਰਵਾਨਾ ਨੇ ਵਖਰੇ ਵਖਰੇ ਸ਼ਬਦਾਂ ਰਹਿਣ ਵਰਨਣ ਕੀਤਾ ਹੈ। ਮੁੱਕਦਰ ਦਾ ਸਿਕੰਦਰ ਫਿਲਮ ਦਾ ਗੀਤ ਵੀ ਦਸਦਾ ਹੈ ਕਿ -

ਜਿੰਦਗੀ ਤੋ ਬੇਵਫਾ ਹੈ ਏਕ ਦਿਨ ਠੁਕਰਾਇਗੀ
ਮੌਤ ਮੇਹਬੂਬਾ ਅੱਪਨੇ ਸਾਥ ਲੈ ਕਰ ਜਾਇਗੀ

ਇਸ ਲਈ ਅਸੀਂ ਇਸ ਸਿੱਟੇ ਤੇ ਪੁਜੇ ਹਾਂ ਕਿ ਮੌਤ ਨੂੰ ਰੋਕਿਆ ਨਹੀਂ ਜਾ ਸਕਦਾ ਅਤੇ ਇਸ ਮੌਤ ਦਾ ਡਰ ਸਾਨੂੰ ਭੈ ਭੀਤ ਕਰਦਾ ਰਹੇਗਾ ਜਦੋਂ ਤਕ ਇਸ ਰਹਸ ਤੋਂ ਪਰਦਾ ਉਠਾਇਆ ਨਹੀਂ ਜਾਂਦਾ ।ਕੁਝ ਲੋਕ ਮੌਤ ਤੋਂ ਨਹੀਂ ਡਰਦੇ ਸਗੋਂ ਮੌਤ ਦੇ ਢੰਗ ਤਰੀਕੇ ਤੋਂ ਡਰਦੇ ਹਨ। ਕਈ ਲੋਕਾਂ ਨੂੰ ਮੌਤ ਦੀ ਉਡੀਕ ਕਰਨੀ ਪੈਂਦੀ ਹੈ ਗੀਤਾ ਪਾਠ ਕਰ ਚੁਕਣ ਤੋਂ ਬਾਅਦ ਵੀ ਮੌਤ ਡਰਾ ਰਹੀ ਹੁੰਦੀ ਹੈ ਤਾਂ ਪਰੇਸ਼ਾਨੀ ਵਧੇਰੇ ਹੁੰਦੀ ਹੈ। ਇਹ ਵੀ ਇਕ ਸਚ ਹੈ ਜੇ ਕਰ ਮੌਤ ਦਾ ਡਰ ਨਾ ਹੁੰਦਾ ਤਾਂ ਧਰਮ ਦਾ ਫੈਲਾ ਇੰਨਾ ਨਹੀਂ ਹੋਣਾ ਸੀ ਜੋਤਿਸ਼ ਦੀਆਂ ਕਿਤਾਬਾਂ ਦੀ ਪੁਛ ਪ੍ਰਤੀਤ ਨਹੀਂ ਹੋਣੀ ਸੀ। ਜਵਾਨ ਉਮਰ ਵਿਚ ਮੌਤ ਦਾ ਘੇਰਾ ਵਧੇਰੇ ਦੁਖਦਾਈ ਹੁੰਦਾ ਹੈ ਕਿਓਂ ਜੋ ਸਾਡੀਆਂ ਆਸਾਂ ਨੂੰ ਫਲ ਲੱਗਣ ਉਪਰੰਤ ਜੋ ਫਾਇਦਾ ਹੋਣਾ ਹੁੰਦਾ ਹੈ ਉਸ ਫਸਲ ਨੂੰ ਰੱਬ ਗੜੇ ਪਾ ਕੇ ਪੂਰੀ ਤਰਾਂ ਵਿਗਾੜ ਦਿੰਦਾ ਹੈ ਅਤੇ ਜਿੰਦਗੀ ਦੀ ਗੱਡੀ ਦੁਰਘਟਨਾ ਕਾਰਣ ਚਲਣ ਤੋਂ ਅਸਮਰਥ ਹੋ ਜਾਂਦੀ ਹੈ। ਜੇ ਕਰ ਮੌਤ ਦੇ ਜਮਾਂ ਨੇ ਸਾਡੇ ਦਰ ਤੇ ਪੁਜਣਾ ਹੀ ਹੈ ਤਾਂ ਫਿਰ ਅਸੀਂ ਇਸ ਨਾਲ ਲੁਕਣ ਮੀਚੀ ਨਾ ਖੇਡੀਏ ਤੇ ਨਾ ਹੀ ਕਮਜ਼ੋਰ ਦਿਲ ਲੋਕਾਂ ਵਾਂਗ ਬੈਠ ਕੇ ਉਡੀਕ ਕਰੀ ਜਾਈਏ। ਉਸ ਦਾ ਮੁਕਾਬਲਾ ਕਰਦੇ ਹੋਏ ਬਹਾਦਰਾਂ ਵਿਚ ਦਰਜ ਹੋਈਏ ਅਤੇ ਹੱਕ ਸਚ ਲਈ ਲੜਾਈ ਲੜ ਕੇ ਪਰਮਾਤਮਾ ਦੀਆਂ ਬਖਸ਼ਿਸ਼ਾਂ ਪ੍ਰਾਪਤ ਕਰੀਏ । ਇਸ ਕਿਸਮ ਦੀ ਮੌਤ ਦੇ ਸਬੰਧ ਵਿਚ ਸਿਖ ਧਰਮ ਦੇ ਵਰਤਮਾਨ ਸ਼ਬਦ ਗੁਰੂ ਸ੍ਰੀ ਗੁਰੂ ਗੁਰੂ ਗਰੰਥ ਸਾਹਿਬ ਜੀ ਦੇ ਅੰਗ 579 ਉਪਰ ਇਸ ਤਰਾਂ ਵਰਣਿਤ ਹੈ---

ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ॥
ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ॥
ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ॥
ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ॥
ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ॥
ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ॥੨॥(ਅੰਗ 579)

ਹੇ ਲੋਕੋ! ਮੌਤ ਨੂੰ ਮਾੜਾ ਨਾ ਆਖੋ, ਮੌਤ ਚੰਗੀ ਹੈ, ਪਰ ਤਾਂ ਹੀ, ਜੇ ਕੋਈ ਮਨੁੱਖ ਉਸ ਤਰੀਕੇ ਨਾਲ ਜੀ ਕੇ ਮਰਨਾ ਜਾਣਦਾ ਹੋਵੇ।ਉਹ ਤਰੀਕਾ ਹੈ ਕਿ ਆਪਣੇ ਸਰਬ-ਸ਼ਕਤੀਵਾਨ ਮਾਲਕ ਨੂੰ ਸਿਮਰੋ,ਤਾਂ ਕਿ ਜੀਵਨ ਦੇ ਸਫ਼ਰ ਵਿਚ ਰਸਤਾ, ਸਿਮਰਨ ਦੀ ਸ਼ਕਤੀ ਸਦਕਾ ਸੌਖਾ ਹੋ ਜਾਏ, ਸੌਖੇ ਜੀਵਨ-ਰਸਤੇ ਤੁਰੋਗੇ ਤਾਂ ਇਸ ਦਾ ਫਲ ਭੀ ਮਿਲੇਗਾ ਤੇ ਪਰਮਾਤਮਾ ਦੀ ਹਜ਼ੂਰੀ ਵਿਚ ਇੱਜ਼ਤ ਮਿਲੇਗੀ। ਜੇ ਪ੍ਰਭੂ ਦੇ ਨਾਮ ਦੀ ਭੇਟਾ ਲੈ ਕੇ ਜਾਵੋਗੇ ਤਾਂ ਉਸ ਸਦਾ-ਥਿਰ ਪ੍ਰਭੂ ਵਿਚ ਇਕ-ਰੂਪ ਹੋ ਜਾਵੋਗੇ, ਕੀਤੇ ਕਰਮਾਂ ਦਾ ਹਿਸਾਬ ਹੋਣ ਵੇਲੇ ਇੱਜ਼ਤ ਮਿਲੇਗੀ, ਪ੍ਰਭੂ ਦੀ ਹਜ਼ੂਰੀ ਵਿਚ ਥਾਂ ਪ੍ਰਾਪਤ ਕਰੋਗੇ, ਤੇ ਖਸਮ-ਪ੍ਰਭੂ ਨੂੰ ਚੰਗੇ ਲੱਗੋਗੇ।ਜੇਹੜਾ ਵੀ ਜੀਵ ਇਹ ਭੇਟਾ ਲੈ ਕੇ ਜਾਂਦਾ ਹੈ ਉਹ ਪ੍ਰੇਮ ਨਾਲ ਆਤਮਕ ਆਨੰਦ ਮਾਣਦਾ ਹੈ। ਇਸ ਲਈ ਹੇ ਲੋਕੋ! ਮੌਤ ਨੂੰ ਮਾੜਾ ਨਾਹ ਆਖੋ ,ਪ੍ਰੰਤੂ ਇਸ ਗੱਲ ਨੂੰ ਉਹੀ ਸਮਝਦਾ ਹੈ, ਜੇਹੜਾ ਇਸ ਤਰ੍ਹਾਂ ਮਰਨਾ ਜਾਣਦਾ ਹੋਵੇ।੨।

ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥
ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥
ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ॥
ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ॥
ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੋ॥
ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ ॥੩॥(ਅੰਗ 579 )

ਜੇਹੜੇ ਮਨੁੱਖ, ਜੀਊਂਦਿਆਂ ਹੀ ਪ੍ਰਭੂ ਦੀਆਂ ਨਜ਼ਰਾਂ ਵਿਚ, ਕਬੂਲ ਹੋ ਕੇ ਮਰਦੇ ਹਨ ਉਹ ਸੂਰਮੇ ਹਨ ਉਹਨਾਂ ਦਾ ਮਰਨਾ ਭੀ, ਲੋਕ ਪਰਲੋਕ ਵਿਚ, ਸਲਾਹਿਆ ਜਾਂਦਾ ਹੈ। ਪ੍ਰਭੂ ਦੀ ਹਜ਼ੂਰੀ ਵਿਚ ਉਹੀ ਬੰਦੇ ਸੂਰਮੇ ਆਖੇ ਜਾਂਦੇ ਹਨ, ਉਹ ਬੰਦੇ ਸਦਾ-ਥਿਰ ਪ੍ਰਭੂ ਦੀ ਦਰਗਾਹ ਵਿਚ ਆਦਰ ਪਾਂਦੇ ਹਨ। ਉਹ ਦਰਗਾਹ ਵਿਚ ਇੱਜ਼ਤ ਪਾਂਦੇ ਹਨ, ਇੱਜ਼ਤ ਨਾਲ ਇਥੋਂ ਜਾਂਦੇ ਹਨ ਤੇ ਅਗਾਂਹ ਪਰਲੋਕ ਵਿਚ ਉਹਨਾਂ ਨੂੰ ਕੋਈ ਦੁੱਖ ਨਹੀਂ ਵਿਆਪਦਾ। ਉਹ ਬੰਦੇ ਪਰਮਾਤਮਾ ਨੂੰ ਹਰ ਥਾਂ ਵਿਆਪਕ ਜਾਣ ਕੇ ਸਿਮਰਦੇ ਹਨ, ਉਸ ਪ੍ਰਭੂ ਦੇ ਦਰ ਤੋਂ ਫਲ ਪ੍ਰਾਪਤ ਕਰਦੇ ਹਨ ਜਿਸ ਦਾ ਸਿਮਰਨ ਕੀਤਿਆਂ ਹਰੇਕ ਕਿਸਮ ਦਾ ਡਰ ਦੂਰ ਹੋ ਜਾਂਦਾ ਹੈ। ਹੇ ਭਾਈ! ਅਹੰਕਾਰ ਦਾ ਬੋਲ ਨਹੀਂ ਬੋਲਣਾ ਚਾਹੀਦਾ, ਆਪਣੇ ਆਪ ਨੂੰ ਕਾਬੂ ਵਿਚ ਰੱਖਣਾ ਚਾਹੀਦਾ ਹੈ, ਉਹ ਅੰਤਰਜਾਮੀ ਪ੍ਰਭੂ ਹਰੇਕ ਦੇ ਦਿਲ ਦੀ ਆਪ ਹੀ ਜਾਣਦਾ ਹੈ। ਜੇਹੜੇ ਮਨੁੱਖ, ਜੀਊਂਦਿਆਂ ਹੀ ਪ੍ਰਭੂ ਦੀਆਂ ਨਜ਼ਰਾਂ ਵਿਚ, ਕਬੂਲ ਹੋ ਕੇ ਮਰਦੇ ਹਨ ਉਹ ਸੂਰਮੇ ਹਨ, ਉਹਨਾਂ ਦਾ ਮਰਨਾ ਲੋਕ ਪਰਲੋਕ ਵਿਚ ਸਲਾਹਿਆ ਜਾਂਦਾ ਹੈ।੩।

ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ॥
ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ ਬੀਚਾਰੋ॥
ਕੁਦਰਤਿ ਬੀਚਾਰੇ ਧਾਰਣ ਧਾਰੇ ਜਿਨਿ ਕੀਆ ਸੋ ਜਾਣੈ॥
ਆਪੇ ਵੇਖੈ ਆਪੇ ਬੂਝੈ ਆਪੇ ਹੁਕਮੁ ਪਛਾਣੈ॥
ਜਿਨਿ ਕਿਛੁ ਕੀਆ ਸੋਈ ਜਾਣੈ ਤਾ ਕਾ ਰੂਪੁ ਅਪਾਰੋ॥
ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥੪॥੨॥ {ਪੰਨਾ 579-580}

ਹੇ ਨਾਨਕ!, ਹੇ ਭਾਈ! ਇਹ ਜਗਤ ਇਕ ਖੇਡ ਹੈ, ਖੇਡ ਬਣਦੀ ਅਤੇ ਢਹਿੰਦੀ ਹੀ ਰਹਿੰਦੀ ਹੈ, ਕਿਸੇ ਦੇ ਮਰਨ ਤੇ ਰੋਣਾ ਵਿਅਰਥ ਹੈ। ਮਾਲਕ-ਪ੍ਰਭੂ ਆਪਣੇ ਪੈਦਾ ਕੀਤੇ ਜਗਤ ਦੀ ਆਪ ਸੰਭਾਲ ਕਰਦਾ ਹੈ, ਆਪਣੀ ਰਚੀ ਰਚਨਾ ਦਾ ਆਪ ਧਿਆਨ ਰੱਖਦਾ ਹੈ। ਪ੍ਰਭੂ ਆਪਣੀ ਰਚੀ ਰਚਨਾ ਦਾ ਖ਼ਿਆਲ ਰੱਖਦਾ ਹੈ, ਇਸ ਨੂੰ ਆਸਰਾ-ਸਹਾਰਾ ਦੇਂਦਾ ਹੈ, ਜਿਸ ਨੇ ਜਗਤ ਰਚਿਆ ਹੈ ਉਹੀ ਇਸ ਦੀਆਂ ਲੋੜਾਂ ਭੀ ਜਾਣਦਾ ਹੈ। ਪ੍ਰਭੂ ਆਪ ਹੀ ਸਭ ਦੇ ਕੀਤੇ ਕਰਮਾਂ ਨੂੰ ਵੇਖਦਾ ਹੈ, ਆਪ ਹੀ ਸਭ ਦੇ ਦਿਲਾਂ ਦੀ ਸਮਝਦਾ ਹੈ, ਆਪ ਹੀ ਆਪਣੇ ਹੁਕਮ ਨੂੰ ਪਛਾਣਦਾ ਹੈ ਕਿ ਕਿਵੇਂ ਇਹ ਹੁਕਮ ਜਗਤ ਵਿਚ ਵਰਤਿਆ ਜਾਣਾ ਹੈ। ਜਿਸ ਪ੍ਰਭੂ ਨੇ ਇਹ ਜਗਤ-ਰਚਨਾ ਕੀਤੀ ਹੋਈ ਹੈ ਉਹੀ ਇਸ ਦੀਆਂ ਲੋੜਾਂ ਜਾਣਦਾ ਹੈ। ਉਸ ਪ੍ਰਭੂ ਦਾ ਸਰੂਪ ਬੇਅੰਤ ਹੈ। ਹੇ ਨਾਨਕ!, ਹੇ ਭਾਈ! ਇਹ ਜਗਤ ਇਕ ਖੇਡ ਹੈ ,ਇਥੇ ਜੋ ਘੜਿਆ ਹੈ ਉਸ ਨੇ ਭੱਜਣਾ ਹੈ, ਕਿਸੇ ਦੇ ਮਰਨ ਤੇ ਰੋਣਾ ਵਿਅਰਥ ਹੈ।੪।੨।

ਸਿਖ ਧਰਮ ਅੰਦਰ ਸ਼ਹੀਦ ਦੇ ਅਰਥ ਗਵਾਹੀ ਦੇ ਤੌਰ ਤੇ ਪਰਵਾਨ ਕੀਤੇ ਗਏ ਹਨ ਅਤੇ ਸਹਾਦਤ ਨੂੰ ਸਿਖੀ ਦਾ ਪਹਲਾ ਗੁਣ ਮੰਨਿਆ ਗਿਆ ਹੈ। ਸ਼ਹੀਦੀ ਦਾ ਰਾਹ ਲੈਣਾ ਤਲਵਾਰ ਦੀ ਧਾਰ ਉਪਰ ਚਲਣ ਜਿਹਾ ਹੈ।

(ਚਲਦਾ)

# ਆਤਮਘਾਤੀ ਬਣ ਰਹੇ ਸਕੇ ਭਰਾ, ਆਈ.ਐਸ. ਦਾ ਨਵਾਂ ਵਰਤਾਰਾ



ਬਲਰਾਜ ਸਿੰਘ ਸਿੱਧੂ
ਐਸ. ਪੀ.

22 ਮਾਰਚ ਨੂੰ ਬਰੱਸਲਜ਼ ਹਮਲੇ ਵਿੱਚ ਖਾਲਿਦ ਅਤੇ ਇਬਰਾਹੀਮ ਅਲ ਬਕਰਾਉਈ ਦੀ ਆਤਮਘਾਤੀ ਹਮਲਾਵਰਾਂ ਦੇ ਤੌਰ 'ਤੇ ਸ਼ਨਾਖਤ ਹੋਣ ਪਰ ਪੁਲਿਸ ਅਤੇ ਇੰਟੈਲੀਜੈਂਸ ਏਜੰਸੀਆਂ ਇਸ ਗੱਲ ਨੂੰ ਲੈ ਕੇ ਬਹੁਤ ਪਰੇਸ਼ਾਨ ਹੋ ਹਨ ਕਿ ਸਕੇ ਭਰਾ ਐਨੀ ਗਿਣਤੀ ਵਿੱਚ ਆਈ.ਐਸ ਵਿੱਚ ਕਿਉਂ ਸ਼ਾਮਲ ਹੋ ਰਹੇ ਹਨ? ਬਕਰਾਉਈ ਭਰਾਵਾਂ ਦੇ ਇਸ ਹਮਲੇ ਵਿੱਚ ਸ਼ਾਮਲ ਹੋਣ ਕਾਰਨ ਅਜਿਹੇ ਅੱਤਵਾਦੀਆਂ ਦੀ ਲਿਸਟ ਹੋਰ ਲੰਬੀ ਹੋ ਗਈ ਹੈ ਜਿਹਨਾਂ ਦਾ ਆਪਸ ਵਿੱਚ ਖ਼ੂਨ ਦਾ ਰਿਸ਼ਤਾ ਹੈ। ਅਮਰੀਕਾ ਵਿੱਚ 19 ਸਤੰਬਰ 2001 ਦੇ ਹਮਲੇ, ਜਿਸ ਨੂੰ 9-11 ਕਿਹਾ ਜਾਂਦਾ ਹੈ, ਦੇ 19 ਸਾਊਦੀ ਆਤਮਘਾਤੀਆਂ ਵਿੱਚ ਤਿੰਨ ਜੋੜੀਆਂ ਸਕੇ ਭਰਾਵਾਂ ਦੀਆਂ ਸਨ। ਭਰਾ ਅੱਤਵਾਦੀ ਜਥੇਬੰਦੀਆਂ ਦੁਆਰਾ ਆਤਮਘਾਤੀ ਹਮਲੇ ਵਾਸਤੇ ਆਦਰਸ਼ ਮੰਨੇ ਜਾਂਦੇ ਹਨ। ਉਹ ਇੱਕ ਦੂਸਰੇ ਵਿੱਚ ਕੱਟੜਪੁਣਾ ਭਰਦੇ ਹਨ, ਇੱਕ ਦੂਸਰੇ 'ਤੇ ਨਜ਼ਰ ਰੱਖਦੇ ਹਨ ਤੇ ਆਪਸ ਵਿੱਚ ਵਫਾਦਾਰ ਰਹਿੰਦੇ ਹਨ। ਇੱਕ ਨਵੇਂ ਸਰਵੇ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਅੱਤਵਾਦੀ ਜਥੇਬੰਦੀਆਂ ਦੇ 30ਗ ਮੈਂਬਰ ਇੱਕੋ ਖਾਨਦਾਨ ਦੇ ਹੁੰਦੇ ਹਨ। ਇਹ ਨਵਾਂ ਵਰਤਾਰਾ ਅੱਤਵਾਦ ਵਿਰੋਧੀ ਏਜੰਸੀਆਂ ਲਈ ਬਹੁਤ ਵੱਡਾ ਸਿਰ ਦਰਦ ਬਣ ਗਿਆ ਹੈ। ਉਹਨਾਂ 'ਤੇ ਨਜ਼ਰ ਰੱਖਣੀ ਬਹੁਤ ਮੁਸ਼ਕਿਲ ਹੁੰਦੀ ਜਾ ਰਹੀ ਹੈ। ਉਹ ਆਮ ਤੌਰ 'ਤੇ ਇੱਕ ਹੀ ਘਰ ਵਿੱਚ ਰਹਿੰਦੇ ਹਨ ਤੇ ਫੋਨ ਦੀ ਬਜਾਏ ਆਪਸ ਵਿੱਚ ਗੱਲਬਾਤ ਰਾਹੀਂ ਸੰਦੇਸ਼ ਦੇਂਦੇ ਲੈਂਦੇ ਹਨ। ਪਰਿਵਾਰਕ ਬੰਧਨ ਕਾਰਨ ਕੋਈ ਗੱਦਾਰੀ ਕਰਨ ਬਾਰੇ ਸੋਚ ਵੀ ਨਹੀਂ ਸਕਦਾ।

ਮੈਸਨ ਯੂਨੀਵਰਸਿਟੀ ਦੇ ਸਕਾਲਰ ਤੇ ਲਿਖਾਰੀ ਆਡਰੇ ਕਰੋਨਿਨ ਦਾ ਕਹਿਣਾ ਹੈ ਕਿ ਜੇ ਪਰਿਵਾਰਕ ਦੇ ਮੈਂਬਰ ਸਾਜਸ਼ ਵਿੱਚ ਸ਼ਾਮਲ ਹੋਣ ਤਾਂ ਇਹ ਅਸੰਭਵ ਹੈ ਕਿ ਕੋਈ ਬੰਦਾ ਪਰਿਵਾਰ ਦੇ ਖਿਲਾਫ ਪੁਲਿਸ ਕੋਲ ਜਾਵੇ। ਬਰੱਸਲਜ਼ ਬੰਬਾਰੀ ਇਸ ਲਈ ਵੀ ਵਿਸ਼ੇਸ਼ ਹੈ ਕਿ ਬਕਰਾਉਈ ਭਰਾਵਾਂ ਦੇ 13 ਨਵੰਬਰ 2015 ਦੇ ਪੈਰਿਸ ਹਮਲੇ, ਜਿਸ ਵਿੱਚ 130 ਲੋਕ ਮਾਰੇ ਗਏ ਸਨ, ਵਾਲੇ ਗਰੁੱਪ ਨਾਲ ਵੀ ਤਾਰ ਜੁੜੇ ਹੋਏ ਹਨ। ਉਹਨਾਂ ਦੇ ਨਜ਼ਦੀਕੀ ਸਬੰਧ ਪਿਛਲੇ ਹਫਤੇ ਬਰੱਸਲਜ਼ ਤੋਂ ਗ੍ਰਿਫਤਾਰ ਕੀਤੇ ਗਏ ਪੈਰਿਸ ਹਮਲੇ ਦੇ ਆਖਰੀ ਦੋਸ਼ੀ ਸਾਲਾਹ ਅਬਦਸਲਾਮ ਨਾਲ ਹਨ। ਹੈਰਾਨੀ ਇਸ ਗੱਲ ਦੀ ਹੈ ਕਿ ਅਬਦਸਲਾਮ ਤੇ ਉਸ ਦਾ ਸਕਾ ਭਰਾ ਇਬਰਾਹੀਮ ਵੀ ਉਸ ਹਮਲੇ ਵਿੱਚ ਸ਼ਾਮਲ ਸਨ। ਇਬਰਾਹੀਮ ਨੇ ਇੱਕ ਕੈਫੇ ਦੇ ਬਾਹਰ ਆਤਮਘਾਤੀ ਧਮਾਕਾ ਕੀਤਾ ਸੀ।

ਸਾਫ ਤੌਰ 'ਤੇ ਲੱਗ ਰਿਹਾ ਹੈ ਕਿ ਆਈ.ਐਸ. ਖਾਸ ਤੌਰ 'ਤੇ ਸਕੇ ਭਰਾਵਾਂ ਨੂੰ ਆਪਣੇ ਚੁੰਗਲ ਵਿੱਚ ਫਸਾ ਕੇ ਕੰਮ ਕਰਵਾ ਰਹੀ ਹੈ। ਇਹ ਭਰਾਵਾਂ ਦੀ ਕੋਈ ਪਹਿਲੀ ਜਾਂ ਆਖਰੀ ਆਤਮਘਾਤੀ ਜੋੜੀ ਨਹੀਂ ਹੈ। ਜਨਵਰੀ 2015 ਵਿੱਚ ਸ਼ਰੀਫ ਅਤੇ ਸੈਦ ਕੋਉਆਚੀ ਨੇ ਪੈਰਿਸ ਦੇ ਅਖਬਾਰ ਚਾਰਲੀ ਹੈਬਦੋ ਦੇ ਦਫਤਰ 'ਤੇ ਹਮਲਾ ਕਰਕੇ 12 ਵਿਅਕਤੀ ਕਤਲ ਕਰ ਦਿੱਤੇ ਸਨ। ਜ਼ੋਖਾਰ ਅਤੇ ਤੈਮੂਰਲੇਨ ਜ਼ਾਰਨਾਈਵ ਭਰਾਵਾਂ ਨੇ 2013 ਵਿੱਚ ਬੋਸਟਨ ਮੈਰਾਥਨ ਵਿੱਚ ਬੰਬ ਧਮਾਕੇ ਕੀਤੇ ਸਨ। ਅੱਤਵਾਦ ਸਮਾਜਿਕ ਤਾਣੇ ਬਾਣੇ ਦੁਆਰਾ ਫੈਲਾਇਆ ਜਾਂਦਾ ਹੈ ਤੇ ਭਰਾ ਇਸ ਤਾਣੇ ਬਾਣੇ ਦਾ ਦੀ ਇੱਕ ਮਜ਼ਬੂਤ ਕੜੀ ਹਨ। ਭਰਾ ਨਾਲ ਅਜਿਹੀਆਂ ਗੱਲਾਂ ਸਾਂਝੀਆਂ ਕੀਤੀਆਂ ਜਾ ਸਕਦੀਆਂ ਹਨ ਜੋ ਮਾਂ ਬਾਪ ਜਾਂ ਹੋਰ ਕਿਸੇ ਮਿੱਤਰ ਰਿਸ਼ਤੇਦਾਰ ਨਾਲ ਸੰਭਵ ਨਹੀਂ। ਇਹੀ ਮਜਬੂਤ ਰਿਸ਼ਤਾ ਉਹਨਾਂ ਭਰਾਵਾਂ ਵਿੱਚ ਨਜ਼ਰ ਆਉਂਦਾ ਹੈ ਜੋ ਧਾਰਮਿਕ ਤੌਰ 'ਤੇ ਕੱਟੜ ਹੁੰਦੇ ਹਨ। ਆਮ ਤੌਰ 'ਤੇ ਛੋਟਾ ਭਰਾ ਵੱਡੇ ਦੇ ਪ੍ਰਭਾਵ ਹੇਠ ਹੁੰਦਾ ਹੈ ਪਰ ਚਾਰਲੀ ਹੈਬਦੋ ਕੇਸ ਵਿੱਚ ਛੋਟਾ ਭਰਾ ਜਿਆਦਾ ਹਿੰਸਕ ਸੀ।

ਬੋਸਟਨ ਮੈਰਾਥਨ ਬੰਬ ਧਮਾਕੇ ਕੇਸ ਵਿੱਚ ਚੇਚਨ ਪ੍ਰਵਾਸੀ ਪਰਿਵਾਰ ਦਾ ਛੋਟਾ ਭਰਾ ਜ਼ੋਖਾਰ ਅਮਰੀਕੀ ਸਮਾਜ ਵਿੱਚ ਬਹੁਤ ਘੁਲਿਆ ਮਿਲਿਆ ਸੀ ਪਰ ਉਹ ਆਪਣੇ ਕੱਟੜ ਬਦਮਿਜ਼ਾਜ ਵੱਡੇ ਭਰਾ ਦੇ ਪ੍ਰਭਾਵ ਹੇਠ ਆ ਗਿਆ। ਮੁਕੱਦਮੇ ਦੌਰਾਨ ਉਸ ਦੇ ਵਕੀਲ ਨੇ ਇਹ ਸਾਬਤ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਕਿ ਵੱਡਾ ਭਰਾ ਉਸ ਨੂੰ ਬਚਪਨ ਤੋਂ ਹੀ ਡਰਾ ਧਮਕਾ ਕੇ ਰੱਖਦਾ ਸੀ। ਪਰ ਜਿਊਰੀ ਨੇ ਉਸ ਨੂੰ ਮੌਤ ਦੀ ਸਜ਼ਾ ਦਿੱਤੀ। ਇਹ ਜਰੂਰੀ ਨਹੀਂ ਕਿ ਹਮਲਾਵਰ ਭਰਾ ਹੀ ਹੋਣ। ਚੇਚਨ ਅੱਤਵਾਦੀਆਂ ਨੇ ਅਨੇਕਾਂ ਵਾਰ ਸਕੀਆਂ ਭੈਣਾ ਦੀ ਵਰਤੋਂ ਕੀਤੀ ਹੈ। ਦਸੰਬਰ 2015 ਵਿੱਚ ਕੈਲੀਫੋਰਨੀਆਂ ਦੇ ਸ਼ਹਿਰ ਸਾਨ ਬਰਨਾਰਡੀਨੋ ਵਿੱਚ ਪਾਕਿਸਤਾਨੀ ਮੂਲ ਦੇ ਪਤੀ ਪਤਨੀ ਨੇ ਗੋਲੀਬਾਰੀ ਕਰਕੇ 14 ਬੇਗੁਨਾਹ ਮਾਰ ਦਿੱਤੇ ਸਨ।

ਇੱਕ ਖੋਜ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਆਮ ਤੌਰ 'ਤੇ ਅੱਤਵਾਦੀ ਪਰਿਵਾਰ ਆਪਸ ਵਿੱਚ ਹੀ ਰਿਸ਼ਤੇ ਕਰਦੇ ਹਨ। ਉਸਾਮਾ ਬਿਨ ਲਾਦੇਨ ਦਾ ਲੜਕਾ ਜਵਾਹਰੀ ਦੀ ਲੜਕੀ ਨੂੰ ਵਿਆਹਿਆ ਹੋਇਆ ਹੈ। ਇਸ ਨਾਲ ਇੱਕ ਤਾਂ ਆਪਸ ਵਿੱਚ ਵਿਸ਼ਵਾਸ਼ ਬਣਿਆ ਰਹਿੰਦਾ ਹੈ ਨਾਲ ਹੀ ਗੱਠਜੋੜ ਵੀ ਮਜਬੂਤ ਹੁੰਦਾ ਹੈ। ਕਿਸੇ ਬਾਹਰੀ ਅਨਸਰ ਦੀ ਘੁਸਪੈਠ ਦੀ ਗੁੰਜਾਇਸ਼ ਵੀ ਨਹੀਂ ਰਹਿੰਦੀ। ਭਰਾ ਆਮ ਤੌਰ ਤੇ ਇਕੱਠੇ ਕੰਮ ਕਰਦੇ ਹਨ। ਕੋਉਆਚੀ ਭਰਾ ਇਕੱਠੇ ਹੀ ਚਾਰਲੀ ਹੈਬਦੋ ਅਖਬਾਰ ਦੇ ਦਫਤਰ ਵਿੱਚ ਘੁਸੇ ਸਨ। 9-11 ਹਮਲੇ ਵਾਲੇ ਭਰਾਵਾਂ ਦੀਆਂ ਤਿੰਨੇ ਜੋੜੀਆਂ ਜਹਾਜਾਂ ਵਿੱਚ ਨਾਲ ਨਾਲ ਦੀਆਂ ਸੀਟਾਂ 'ਤੇ ਬੈਠੀਆਂ ਸਨ। ਉਹਨਾਂ ਵਿੱਚੋਂ ਇੱਕ ਅੱਤਵਾਦੀ ਨਵਾਫ ਅਲ ਹਾਜ਼ਮੀ ਨੇ ਤਾਂ ਲਾਦੇਨ ਦੇ ਤਰਲੇ ਕੱਢ ਕੇ ਆਪਣੇ ਭਰਾ ਨੂੰ ਇਸ ਮਿਸ਼ਨ ਵਿੱਚ ਸ਼ਾਮਲ ਕਰਾਇਆ ਸੀ।

ਇੰਟੈਲੀਜੈਂਸ ਏਜੰਸੀਆਂ ਨੂੰ ਸਮਝ ਨਹੀਂ ਆ ਰਹੀ ਕਿ ਘਰਾਂ ਦੇ ਵਿੱਚ ਪਨਪ ਰਹੇ ਇਹਨਾਂ ਅੱਤਵਾਦੀ ਸੈਲਾਂ ਨੂੰ ਕਿਵੇਂ ਕੰਟਰੋਲ ਕਰਨ? ਏਜੰਸੀਆਂ ਆਮ ਤੌਰ 'ਤੇ ਅੱਤਵਾਦੀ ਜਥੇਬੰਦੀਆਂ ਦੇ ਮੈਂਬਰਾਂ ਵਿੱਚ ਹੋ ਰਹੀ ਗੱਲਬਾਤ, ਈਮੇਲ ਆਦਿ ਨੂੰ ਆਬਜ਼ਰਵੇਸ਼ਨ 'ਤੇ ਲਗਾ ਕੇ ਅਜਿਹੀਆਂ ਸਰਗਰਮੀਆਂ ਦਾ ਪਤਾ ਲਗਾਉਂਦੀਆਂ ਹਨ। ਪਰ ਜਦੋਂ ਦੋ ਬੰਦੇ ਆਪਸ ਵਿੱਚ ਫੋਨ 'ਤੇ ਗੱਲ ਹੀ ਨਹੀਂ ਕਰਦੇ ਤਾਂ ਪਤਾ ਲਗਾਉਣਾ ਅਸੰਭਵ ਹੈ। ਅਜਿਹੀਆਂ ਜੋੜੀਆਂ ਕਾਰਨ ਆਈ.ਐਸ. ਦੀ ਤਬਾਹਕਾਰੀ ਸ਼ਕਤੀ ਕਈ ਗੁਣਾ ਵਧ ਗਈ ਹੈ ਪਰ ਪਕੜੇ ਜਾਣ ਦੀ ਸੰਭਾਵਨਾ ਬਹੁਤ ਘਟ ਗਈ ਹੈ। ਅੱਤਵਾਦੀ ਜਥੇਬੰਦੀਆਂ ਪੁਰਾਣੇ ਸਮੇਂ ਤੋਂ ਹੀ ਭਰਾਵਾਂ, ਭੈਣਾਂ, ਪ੍ਰੇਮੀਆਂ ਅਤੇ ਦੋਸਤਾਂ ਨੂੰ ਵਰਤਦੀਆਂ ਰਹੀਆਂ ਹਨ। ਇਹ ਗੱਲ ਵੀ ਹੈਰਾਨੀਜਨਕ ਤੌਰ 'ਤੇ ਸਾਹਮਣੇ ਆਈ ਹੈ ਕਿ ਪਰਿਵਾਰ ਦੇ ਬਾਕੀ ਮੈਂਬਰਾਂ ਨੂੰ ਇਸ ਬਾਰੇ ਪਤਾ ਹੀ ਨਹੀਂ ਹੁੰਦਾ। ਬਰੱਸਲਜ਼ ਹਮਲੇ ਵਾਲੇ ਭਰਾ ਛੋਟੇ ਮੋਟੇ ਬਦਮਾਸ਼ ਸਨ। ਓਹਨਾਂ ਦੇ ਪਿਤਾ ਨੂੰ ਉਹਨਾਂ ਦੀ ਕਰਤੂਤਾਂ ਬਾਰੇ ਕੋਈ ਪਤਾ ਨਹੀਂ ਸੀ। ਇਹ ਵੀ ਪਤਾ ਲੱਗਾ ਹੈ ਕਿ ਆਈ.ਐਸ. ਯੂਰਪ ਵਿੱਚ ਪੂਰੇ ਦੇ ਪੂਰੇ ਪਰਿਵਾਰ ਭਰਤੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਹਰੇਕ ਮਾਂ ਬਾਪ ਨੂੰ ਆਪਣੇ ਬੱਚੇ 'ਤੇ ਨਜ਼ਰ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਨੌਜਵਾਨਾਂ ਨੂੰ ਵੀ ਅੱਤਵਾਦੀਆਂ ਦੀਆਂ ਅਜਿਹੀਆਂ ਗੁੰਮਰਾਹਕੁੰਨ ਗੱਲਾਂ ਵਿੱਚ ਨਹੀਂ ਆਉਣਾ ਚਾਹੀਦਾ। ਜੇ ਕਿਤੇ ਮਾਸੂਮਾਂ ਦਾ ਖ਼ੂਨ ਵਹਾ ਕੇ ਮਰਨ ਤੋਂ ਬਾਅਦ ਸੱਚੀਂ ਹੂਰਾਂ ਅਤੇ ਸਵਰਗ ਮਿਲਦਾ ਹੋਵੇ ਤਾਂ ਅੱਤਵਾਦੀ ਨੇਤਾ ਸਭ ਤੋਂ ਪਹਿਲਾਂ ਖੁਦ ਅਤੇ ਆਪਣੇ ਬੱਚਿਆਂ ਨੂੰ ਆਤਮਘਾਤੀ ਮਿਸ਼ਨ 'ਤੇ ਭੇਜਣ। ਕਦੇ ਕਿਸੇ ਨੇ ਸੁਣਿਆ ਕਿ ਮੌਲਾਨਾ ਮਸੂਦ ਅਜ਼ਹਰ, ਹਾਫਿਜ਼ ਸਾਈਦ, ਲਾਦੇਨ, ਜਵਾਹਰੀ, ਮੁੱਲਾ ਉਮਰ ਜਾਂ ਬਗਦਾਦੀ ਦਾ ਲੜਕਾ ਮਨੁੱਖੀ ਬੰਬ ਬਣਿਆ ਹੋਵੇ?

# ਕੀੜੀਆਂ, ਕਾਂਵਾਂ-ਰੌਲੀ ਤੇ ਕਟਾਖਸ਼



ਤਰਲੋਚਨ ਸਿੰਘ 'ਦੁਪਾਲਪੁਰ'
ਸੰਪਰਕ : 001-408-915-1268
E-mail : tdupalpuri@yahoo.com

ਕਈ ਵਾਰ ਜ਼ਿਹਨ ਵਿਚ ਜਮ੍ਹਾਂ ਹੋਈਆਂ ਸੁਣੀਆਂ-ਸੁਣਾਈਆਂ ਕਥਾ-ਕਹਾਣੀਆਂ ਜਾਂ ਘਟਨਾਵਾਂ ਦੇ ਦ੍ਰਿਸ਼, ਅੱਖਾਂ ਸਾਹਮਣੇ ਦਿਸ ਰਹੇ ਵਰਤਾਰਿਆਂ ਨਾਲ ਇਨ-ਬਿਨ ਹੀ ਮਿਲ ਜਾਂਦੇ ਹਨ। ਇਉਂ ਲੱਗਦਾ ਹੈ ਕਿ ਦਿਲ-ਦਿਮਾਗ ਵਿਚ ਦੱਬੀ ਪਈ ਗੱਲ ਅਜੋਕੇ ਮਾਹੌਲ ਵਿਚ ਦੁਹਰਾਈ ਜਾ ਰਹੀ ਹੈ, ਬਸ, ਪਾਤਰਾਂ ਦੀ ਹੀ ਅਦਲਾ-ਬਦਲੀ ਹੋਈ ਹੈ।

ਮਿਸਾਲ ਵਜੋਂ ਇਨ੍ਹੀਂ ਦਿਨੀਂ ਪੰਜਾਬ ਵਿਚ ਸਰਗਰਮ ਮੁੱਖ ਤਿੰਨ ਰਾਜਨੀਤਕ ਧਿਰਾਂ ਨੇ, ਜੋ 2017 ਦੀਆਂ ਚੋਣਾਂ ਲਈ ਕਮਰ ਕੱਸ ਰਹੀਆਂ ਹਨ। ਜਿਵੇਂ ਛਿੰਝ ਸ਼ੁਰੂ ਹੋਣ ਤੋਂ ਪਹਿਲਾਂ ਵੱਜਦੇ ਢੋਲ ਦੇ ਮੂਹਰੇ-ਮੂਹਰੇ ਮੋਟੇ-ਤਕੜੇ ਜੁੱਸਿਆਂ ਵਾਲੇ ਭਲਵਾਨ ਦਰਸ਼ਕਾਂ ਸਾਹਮਣੇ ਆਪਣਾ ਬਾਹੂ-ਬਲ ਦਿਖਾਉਂਦੇ ਹਨ, ਇਵੇਂ ਹੀ ਇਨ੍ਹਾਂ ਨੇ ਆਪੋ-ਆਪਣੀ ਨੁਮਾਇਸ਼ੀ ਦੌੜ ਲਾਈ ਹੋਈ ਹੈ। ਚੋਣਾਂ ਵਿਚ ਭਾਵੇਂ ਸਾਲ ਪਿਆ ਹੈ, ਪਰ ਸਿਆਸੀ ਧਮੱਚੜ ਇੰਜ ਪਿਆ ਹੋਇਐ, ਜਿਵੇਂ ਚੋਣਾਂ ਐਨ ਸਿਰ 'ਤੇ ਆ ਚੁੱਕੀਆਂ ਹੋਣ।

ਬਾਹਾਂ ਕੱਢ-ਕੱਢ ਕੇ ਸੱਤਾਧਾਰੀ ਬਾਦਲ ਦਲ ਅਤੇ ਭਾਜਪਾ ਲਲਕਾਰੇ ਮਾਰਦੇ ਕਹੀ ਜਾਂਦੇ ਨੇ ਕਿ ਸ਼ਾਨਦਾਰ 'ਲੀਡ' ਬਣਾਵਾਂਗੇ। ਉਹ ਕਦੇ ਕਹਿ ਦਿੰਦੇ ਨੇ ਕਿ ਪੰਜਾਬ ਵਿਚ 'ਆਪ' ਦਾ ਕੋਈ ਵਜੂਦ ਹੀ ਨਹੀਂ, ਸਾਡਾ ਮੁਕਾਬਲਾ ਕਾਂਗਰਸ ਨਾਲ ਹੋਵੇਗਾ। ਕਦੇ ਉਨ੍ਹਾਂ ਦਾ ਕੋਈ ਵੱਡਾ ਲੀਡਰ ਇੰਜ ਵੀ ਕਹਿ ਦਿੰਦਾ ਹੈ ਕਿ ਕਾਂਗਰਸ ਦਾ ਆਧਾਰ ਖਤਮ ਹੋ ਚੁੱਕਾ ਹੈ, ਆਮ ਆਦਮੀ ਪਾਰਟੀ ਨੂੰ ਅਸੀਂ ਅਸਾਨੀ ਨਾਲ ਹੀ ਧੂਲ ਚਟਾ ਦਿਆਂਗੇ, ਜੇਤੂ ਅਸੀਂ ਹੀ ਰਹਾਂਗੇ।

ਇਵੇਂ ਹੀ ਕਾਂਗਰਸੀ ਖੇਮੇ ਵਿਚੋਂ ਵੀ ਦੋ ਰੰਗੀਆਂ ਆਵਾਜ਼ਾਂ ਆਉਂਦੀਆਂ ਨੇ। ਕਦੇ ਉਹ ਆਪਣਾ ਮੁੱਖ ਮੁਕਾਬਲਾ ਬਾਦਲ ਦਲ ਤੇ ਭਾਜਪਾ ਨਾਲ ਦੱਸਦੇ ਹਨ ਅਤੇ ਕਦੀ 'ਆਪ' ਨੂੰ 'ਚਨੇ ਚਬਾਉਣ' ਦੀਆਂ ਦਹਾੜਾਂ ਮਾਰਦੇ ਹੋਏ ਆਪਣੀ ਸਰਕਾਰ 'ਵੱਟ ਉਤੇ ਪਈ' ਹੋਣ ਦਾ ਦਾਅਵਾ ਕਰਦੇ ਹਨ। ਮਤਲਬ ਕਿ ਪੰਜਾਬ ਦੇ ਅਜੋਕੇ ਸਿਆਸੀ ਘਮਸਾਣ ਵਿਚ ਉਹ ਖੁਦ ਨੂੰ ਮੋਹਰੀ ਮੰਨਦੇ ਹਨ।

ਤੀਸਰੀ ਧਿਰ ਨੱਕ ਦੀ ਸੇਧ ਤੁਰੀ ਹੋਈ, ਸ੍ਰੀ ਅਰਵਿੰਦ ਕੇਜਰੀਵਾਲ ਦੀ 'ਆਪ' ਹੈ, ਉਹ ਬਾਦਲ ਦਲ ਤੇ ਭਾਜਪਾ ਗਠਜੋੜ ਨੂੰ ਪਹਿਲੋਂ ਹੀ 'ਹਾਰ ਚੁੱਕਾ' ਮੰਨ ਕੇ ਚੱਲ ਰਹੀ ਹੈ। ਉਹ ਬੜੀ ਦ੍ਰਿੜ੍ਹਤਾ ਨਾਲ ਕਹਿ ਰਹੇ ਨੇ ਕਿ ਮੁਕਾਬਲਾ ਹੈ ਈ ਕਾਂਗਰਸ ਨਾਲ। ਸੱਤਾਧਾਰੀਆਂ ਨੂੰ ਉਹ ਕਿਸੇ ਗਿਣਤੀ ਵਿਚ ਹੀ ਨਹੀਂ ਸਮਝਦੇ। ਸ੍ਰੀ ਮੁਕਤਸਰ ਸਾਹਿਬ ਦੀ ਰਿਕਾਰਡ ਤੋੜ ਰੈਲੀ ਤੋਂ ਬਾਅਦ ਉਨ੍ਹਾਂ ਦੇ ਚਿਹਰਿਆਂ 'ਤੇ ਛਾਈ ਹੋਈ ਲਾਲੀ, ਪਹਿਲਾਂ ਨਾਲੋਂ ਵੀ ਵੱਧ 'ਚਮਕਦੀ ਭਾਅ' ਮਾਰਨ ਲੱਗ ਪਈ ਹੈ। 'ਆਪ' ਵਾਲੇ ਪਹਿਲੇ ਦੋਹਾਂ ਨਾਲੋਂ ਦੋ ਕਦਮ ਹੋਰ ਅੱਗੇ ਜਾ ਕੇ, ਆਪਣੀਆਂ 'ਜੇਤੂ ਸੀਟਾਂ' ਦੇ ਅੰਕੜੇ ਵੀ ਦੱਸ ਰਹੇ ਹਨ; ਅਖੇ, ਸੌ ਸੀਟਾਂ ਜਿੱਤ ਕੇ ਸਰਕਾਰ ਬਣਾਵਾਂਗੇ।

ਸਵੈ-ਵਿਸ਼ਵਾਸ, ਦ੍ਰਿੜ੍ਹਤਾ ਅਤੇ ਚੜ੍ਹਦੀ ਕਲਾ ਵਾਲੀ ਭਾਵਨਾ ਨਾਲ ਓਤ-ਪੋਤ ਹੋਏ 'ਆਪ' ਵਾਲੇ ਆਪਣੇ ਦੋਹਾਂ ਸ਼ਰੀਕਾਂ ਨੂੰ ਪੰਜਾਬ ਵਿਚ 'ਗਏ ਗੁਜ਼ਰੇ' ਦੱਸ ਦੇ ਆਪਣੀ ਪਾਰਟੀ ਨੂੰ ਸਭ ਤੋਂ ਮੂਹਰੇ ਜਾ ਰਹੀ ਪ੍ਰਚਾਰਦੇ ਨੇ।

ਇਨ੍ਹਾਂ ਤਿੰਨਾਂ ਧਿਰਾਂ ਦੇ ਦਾਅਵੇ, ਪ੍ਰਤੀ-ਦਾਅਵੇ, ਪੜ੍ਹਦਿਆਂ-ਸੁਣਦਿਆਂ ਮੈਨੂੰ ਮਿਡਲ ਸਕੂਲ ਸ਼ੇਖਪੁਰ ਬਾਗ ਵਿਚ ਪੜ੍ਹਨ ਵੇਲੇ ਦਾ ਚੁਟਕਲਾ ਯਾਦ ਆ ਗਿਆ। ਸ਼ਨਿਚਰਵਾਰ ਦੀ ਬਾਲ ਸਭਾ ਵਿਚ ਸਾਨੂੰ ਇਹ ਰਾਹੋਂ ਵਾਲੇ ਮਾਸਟਰ ਸ੍ਰੀ ਯਸ਼ਪਾਲ ਪਾਠਕ ਨੇ ਸੁਣਾਇਆ ਸੀ।

ਕਹਿੰਦੇ, ਇਕ ਅਧਿਆਪਕ ਸਕੂਲ ਵਿਚ ਨਵਾਂ-ਨਵਾਂ ਗਿਆ। ਪਹਿਲੇ ਦਿਨ ਉਹ ਖੁਦ ਨੂੰ 'ਅਲਾਟ' ਹੋਈ ਕਲਾਸ ਵਿਚ ਗਿਆ ਤੇ ਉਸ ਨੇ ਬੱਚਿਆਂ ਦਾ ਗਿਆਨ ਪੱਧਰ ਪਰਖਣਾ ਚਾਹਿਆ। ਉਸ ਨੇ ਬੱਚਿਆਂ ਨੂੰ ਕਈ ਤਰ੍ਹਾਂ ਦੇ ਸਵਾਲ ਪੁੱਛੇ। ਜਦ ਉਸ ਨੇ ਸਵਾਲ-ਜਵਾਬ ਬੰਦ ਕੀਤੇ ਤਾਂ ਕਲਾਸ ਦਾ ਸ਼ਰਾਰਤੀ ਜਿਹਾ ਮੁੰਡਾ ਉਠ ਕੇ ਕਹਿੰਦਾ, ਮਾਸਟਰ ਜੀ, ਜਿਵੇਂ ਤੁਸੀਂ ਸਾਨੂੰ ਕਈ ਸਵਾਲ ਪੁੱਛੇ ਹਨ, ਕੀ ਮੈਂ ਵੀ ਆਪ ਜੀ ਨੂੰ ਇਕ ਸਵਾਲ ਪੁੱਛ ਸਕਦਾ ਹਾਂ?

ਮਾਸਟਰ ਨੇ ਸੋਚਿਆ ਕਿ ਇਹ ਸਕੂਲੀ ਪਾੜ੍ਹਾ ਛੋਕਰਾ ਮੈਥੋਂ ਕਿਹੜਾ ਅੱਲੋਕਾਰਾ ਸਵਾਲ ਪੁੱਛ ਲਵੇਗਾ। ਉਸ ਨੇ ਬੜੇ ਭਰੋਸੇ ਨਾਲ ਕਿਹਾ, ਹਾਂ ਬੇਟਾ, ਬੇਝਿਜਕ ਹੋ ਕੇ ਪੁੱਛੋ।

"ਮਾਸਟਰ ਜੀ ਗੱਲ ਏਦਾਂ ਐ ਜੀ!" ਮੁੰਡੇ ਨੇ ਸਵਾਲ ਪਾਇਆ, "ਧਰਤੀ 'ਤੇ ਤਿੰਨ ਕੀੜੀਆਂ ਤੁਰੀਆਂ ਜਾ ਰਹੀਆਂ ਸਨ। ਇਕ ਸਭ ਤੋਂ ਮੂਹਰੇ, ਦੂਸਰੀ ਵਿਚਕਾਰ ਅਤੇ ਤੀਜੀ ਸਭ ਤੋਂ ਪਿੱਛੇ। ਮੂਹਰੇ ਤੁਰੀ ਜਾਂਦੀ ਕੀੜੀ ਕਹਿੰਦੀ ਕਿ ਮੇਰੇ ਪਿੱਛੇ ਦੋ ਕੀੜੀਆਂ ਹੋਰ ਤੁਰੀਆਂ ਆ ਰਹੀਆਂ ਨੇ। ਵਿਚਕਾਰ ਵਾਲੀ ਕਹਿੰਦੀ ਕਿ ਮੇਰੇ ਪਿੱਛੇ ਹਨ ਦੋ ਕੀੜੀਆਂ। ਦੋਹਾਂ ਦੇ ਦਾਅਵੇ ਸੁਣ ਕੇ ਤੀਸਰੀ ਵੀ ਇਹੀ ਬੋਲੀ, ਅਖੇ, ਸਭ ਤੋਂ ਮੂਹਰੇ ਤਾਂ ਮੈਂ ਹਾਂ, ਮੇਰੇ ਪਿੱਛੇ ਨੇ ਦੋ ਕੀੜੀਆਂ! 'ਕੀੜੀਆਂ ਦੇ ਇਸ ਰੌਲੇ ਦਾ ਕੀ ਜਵਾਬ ਦਿਉਗੇ ਮਾਸਟਰ ਜੀ?" ਸ਼ਸ਼ੋਪੰਜ ਵਿਚ ਪਏ ਮਾਸਟਰ ਨੇ ਕਈ ਤਰ੍ਹਾਂ ਦੇ ਜਵਾਬ ਦਿੱਤੇ। ਕਦੇ ਉਹ ਕਹੇ ਕਿ ਹੋ ਸਕਦਾ ਐ ਕਿ ਤਿੰਨ ਦੇ ਪਿੱਛੇ ਦੋ ਬਹੁਤ ਬਰੀਕ ਕੀੜੀਆਂ ਤੁਰੀਆਂ ਆਉਂਦੀਆਂ ਹੋਣਗੀਆਂ। ਕਦੇ ਕੁਝ ਪਲ ਸੋਚ ਕੇ ਕਹੇ ਕਿ ਗਭਲੀ ਤੇ ਸਭ ਤੋਂ ਪਿਛਲੀ ਕੀੜੀ ਕਿਸੇ-ਕਿਸੇ ਵੇਲੇ ਭੱਜ ਕੇ ਮੂਹਰੇ ਹੋ ਜਾਂਦੀਆਂ ਹੋਣਗੀਆਂ। ਕਦੇ ਇਹ ਕਹੇ ਕਿ ਬੇਟਾ, ਹੋ ਸਕਦੈ ਮੂਹਰਲੀ ਕੀੜੀ ਨੂੰ ਛੱਡ ਕੇ, ਪਿਛਲੀਆਂ ਦੋਵੇਂ ਅੰਨ੍ਹੀਆਂ ਹੋਣ? ਇਸ ਕਾਰਨ ਉਨ੍ਹਾਂ ਨੂੰ ਭੁਲੇਖਾ ਲੱਗ ਰਿਹਾ ਹੋਵੇ; ਪਰ ਚਲਾਕ ਮੁੰਡਾ, ਮਾਸਟਰ ਦਾ ਹਰ ਜਵਾਬ ਸੁਣ ਕੇ 'ਨਾਂਹ' ਵਿਚ ਸਿਰ ਘੁਮਾਈ ਗਿਆ। ਵਿਚਾਰੇ ਮਾਸਟਰ ਨੇ ਆਪਣੀ ਇੱਜ਼ਤ ਬਚਾਉਣ ਲਈ ਬੜੇ 'ਲੱਲੇ-ਭੱਬੇ' ਲਾਏ, ਪਰ ਉਹ ਸਹੀ ਜਵਾਬ ਨਾ ਦੇ ਸਕਿਆ। ਆਖਰ ਉਹ ਮੁੰਡੇ ਨੂੰ ਬਹਾਨੇ ਨਾਲ ਦਫਤਰ ਵਿਚ ਲੈ ਗਿਆ। ਉਸ ਨੂੰ ਦਸਾਂ ਦਾ ਨੋਟ ਫੜਾਉਂਦਿਆਂ ਕਹਿੰਦਾ, ਬੇਟਾ, ਆਹ ਲੈ ਤੇਰਾ ਇਨਾਮ! ਕੁਝ ਖਾ-ਪੀ ਲਵੀਂ!! ਇਕ ਤਾਂ ਮੈਨੂੰ ਆਪਣੇ ਸਵਾਲ ਦਾ ਉਤਰ ਦੱਸ ਦੇ, ਤੇ ਦੂਜਾ ਕਲਾਸ ਵਿਚ ਜਾ ਕੇ ਕਹਿ ਦੇਵੀਂ ਕਿ ਮਾਸਟਰ ਜੀ ਨੇ ਸਵਾਲ ਬੁੱਝ ਹੀ ਲਿਆ ਦਫਤਰ ਜਾ ਕੇ!!! ਭੋਲਾ ਜਿਹਾ ਮੂੰਹ ਬਣਾ ਕੇ ਮੁੰਡਾ ਬੋਲਿਆ, "ਮਾਸਟਰ ਜੀ, ਗੱਲ ਤਾਂ ਸਿਰਫ ਇਨੀ ਐਂ ਕਿ ਵਿਚਕਾਰ ਵਾਲੀ ਕੀੜੀ ਅਤੇ ਅਖੀਰ ਵਾਲੀ ਦੋਵੇਂ ਹੀ ਝੂਠ ਬੋਲਦੀਆਂ ਸਨ।" ਪੰਜਾਬ ਦੇ ਵਰਤਮਾਨ ਸਿਆਸੀ ਪ੍ਰਚਾਰ-ਪਿੜ ਅਤੇ ਇਸ ਲਤੀਫੇ ਦਾ ਫਰਕ ਸਿਰਫ ਇਨਾ ਕੁ ਹੈ ਕਿ ਸਵਾਲ ਕਰਤਾ ਮੁੰਡੇ ਨੇ ਘੜੀ-ਘੰਟੇ ਵਿਚ ਹੀ ਦੋਹਾਂ ਕੀੜੀਆਂ ਦਾ ਝੂਠ ਨੰਗਾ ਕਰ ਦਿੱਤਾ, ਪਰ ਪੰਜਾਬ ਦੀ ਜਨਤਾ ਨੂੰ ਹਾਲੇ ਸਾਲ ਭਰ 'ਕੀੜੀਆਂ' ਦੀ ਕਾਂਵਾਂ-ਰੌਲ਼ੀ ਸੁਣਨੀ ਪੈਣੀ ਹੈ। ਉਂਜ ਜੇ ਨਿਰਪੱਖ ਜਿਹੇ ਭਰੋਸੇਯੋਗ ਸੂਤਰਾਂ ਦੀਆਂ ਕਨਸੋਆਂ ਸੁਣੀਏ ਤਾਂ ਕਹਿੰਦੇ, ਪੰਜਾਬ ਦੇ ਲੋਕ ਮਨ ਬਣਾਈ ਬੈਠੇ ਨੇ ਕਿ ਐਤਕੀਂ ਤਿੰਨਾਂ ਵਿਚੋਂ ਕਿਸ ਕੀੜੀ ਦੇ ਦਾਅਵਿਆਂ ਨੂੰ 'ਸੱਚੇ' ਬਣਾਉਣਾ ਹੈ ਅਤੇ ਕਿਹੜੀਆਂ ਦੋਹਾਂ ਦੇ ਦਮਗਜਿਆਂ ਨੂੰ 'ਗਪੌੜ' ਬਣਾ ਦੇਣਾ ਹੈ।

ਬਜਾ (ਠੀਕ) ਕਹੇ ਜਿਸੇ ਆਲਮ ਉਸੇ ਬਜਾ ਸਮਝੋ
ਜ਼ਬਾਨੇ-ਖ਼ਲਕ ਕੋ ਨੱਕਾਰਾ-ਏ-ਖ਼ੁਦਾ ਸਮਝੋ। (ਜ਼ੌਕ)

# ਭਾਰਤ ਨੇ ਪਾਕਿਸਤਾਨ ਨੂੰ 5-1 ਨਾਲ ਹਰਾਇਆ

ਇਪੋਹ- ਐਸਵੀ ਸੁਨੀਲ ਦੇ ਦੋ ਗੋਲਾਂ ਦੀ ਮਦਦ ਨਾਲ ਭਾਰਤ ਨੇ ਸੁਲਤਾਨ ਅਜ਼ਲਾਨ ਸ਼ਾਹ ਕੱਪ ਹਾਕੀ ਟੂਰਨਾਮੈਂਟ ਦੇ ਰਾਊਂਡ ਰੋਬਿਨ ਲੀਗ ਮੈਚ ਦੇ ਇੱਕਪਾਸੜ ਮੁਕਾਬਲੇ ਵਿੱਚ ਅੱਜ ਇੱਥੇ ਆਪਣੇ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ 5-1 ਨਾਲ ਹਰਾ ਕੇ ਫਾਈਨਲ ਲਈ ਆਪਣਾ ਦਾਅਵਾ ਮਜ਼ਬੂਤ ਕਰ ਲਿਆ ਹੈ। ਭਾਰਤ ਨੇ ਮੈਚ ਵਿੱਚ ਚਾਰ ਮੈਦਾਨੀ ਗੋਲ ਦਾਗੇ ਤੇ ਇੱਕ ਗੋਲ ਪੈਨਲਟੀ ਕਾਰਨਰ ਰਾਹੀਂ ਕੀਤਾ। ਪਿਛਲੇ ਮੈਚ ਵਿੱਚ ਕੈਨੇਡਾ ਖ਼ਿਲਾਫ਼ ਜਿੱਤ ਦੌਰਾਨ ਅਸਹਿਜ ਦਿਖਾਈ ਦਿੱਤੀ ਭਾਰਤੀ ਟੀਮ ਨੇ ਪਾਕਿਸਤਾਨ ਖ਼ਿਲਾਫ਼ ਕਿਤੇ ਵਧੀਆ ਅਤੇ ਜਥੇਬੰਦਕ ਖੇਡ ਦਾ ਮੁਜ਼ਾਹਰਾ ਕੀਤਾ। ਭਾਰਤ ਨੇ ਚੌਥੇ ਹੀ ਮਿੰਟ ਵਿੱਚ ਬੜਤ ਹਾਸਲ ਕਰ ਲਈ ਜਦੋਂ ਸੁਨੀਲ ਦੇ ਪਾਸ 'ਤੇ ਮਨਪ੍ਰੀਤ ਨੇ ਸ਼ਾਨਦਾਰ ਰਿਵਰਸ ਸ਼ਾਟ ਮਾਰਦਿਆਂ ਗੇਂਦ ਨੂੰ ਗੋਲ ਵਿੱਚ ਤਬਦੀਲ ਕਰ ਦਿੱਤਾ। ਪਾਕਿਸਤਾਨ ਨੇ ਹਾਲਾਂਕਿ ਤੀਜੇ ਮਿੰਟ ਬਾਅਦ ਹੀ ਸਕੋਰ 1-1 ਕਰ ਦਿੱਤਾ ਜਦੋਂ ਟੀਮ ਨੂੰ ਲਗਾਤਾਰ ਦੋ ਪੈਨਲਟੀ ਕਾਰਨਰ ਮਿਲੇ ਅਤੇ ਪਾਕਿਸਤਾਨ ਦੇ ਕਪਤਾਨ ਮੁਹੰਮਦ ਇਰਫਾਨ (7ਵੇਂ ਮਿੰਟ) ਨੇ ਦੂਜੇ ਨੂੰ ਗੋਲ ਵਿੱਚ ਬਦਲ ਦਿੱਤਾ। ਭਾਰਤ ਨੇ 10ਵੇਂ ਮਿੰਟ ਵਿੱਚ ਦੋਬਾਰਾ ਬੜਤ ਹਾਸਲ ਕੀਤੀ ਜਦੋਂ ਸੁਨੀਲ ਨੇ ਮਨਪ੍ਰੀਤ ਦੇ ਪਾਸ ਨੂੰ ਗੋਲ ਦੀ ਰਾਹ ਦਿਖਾ। ਅੱਧ ਸਮੇਂ ਤੱਕ ਭਾਰਤੀ ਟੀਮ 2-1 ਨਾਲ ਅੱਗੇ ਸੀ। ਭਾਰਤ ਨੇ ਦੂਜੇ ਹਾਫ ਵਿੱਚ ਤਿੰਨ ਹੋਰ ਗੋਲ ਦਾਗ਼ ਕੇ ਆਸਾਨ ਜਿੱਤ ਦਰਜ ਕੀਤੀ। ਸੁਨੀਲ ਨੇ ਮੈਚ ਦੇ 41ਵੇਂ ਮਿੰਟ ਵਿੱਚ ਆਪਣਾ ਦੂਜਾ ਗੋਲ ਦਾਗਿਆ ਜਦਕਿ ਤਲਵਿੰਦਰ ਨੇ 50ਵੇਂ ਮਿੰਟ ਵਿੱਚ ਇੱਕ ਇੱਕ ਹੋਰ ਮੈਦਾਨੀ ਗੋਲ ਕਰ ਕੇ ਭਾਰਤ ਨੂੰ 4-1 ਨਾਲ ਅੱਗੇ ਕਰ ਦਿੱਤਾ। ਰੂਪਿੰਦਰ ਪਾਲ ਸਿੰਘ ਨੇ 54ਵੇਂ ਮਿੰਟ ਵਿੱਚ ਇੱਕ ਹੋਰ ਗੋਲ ਕਰ ਕੇ ਭਾਰਤ ਦੀ 5-1 ਨਾਲ ਜਿੱਤ ਪੱਕੀ ਕਰ ਦਿੱਤੀ। ਰੂਪਿੰਦਰ ਨੂੰ ਇਸ ਮਗਰੋਂ ਗੋਲ ਕਰਨ ਦਾ ਇੱਕ ਹੋਰ ਮੌਕਾ ਮਿਲਿਆ, ਪਰ ਉਹ ਪੈਨਲਟੀ ਸਟਰੋਕ ਨੂੰ ਗੋਲ ਵਿੱਚ ਤਬਦੀਲ ਕਰਨ ਤੋਂ ਖੁੰਝ ਗਏ।




ਭਾਰਤ ਦੀ ਚਾਰ ਮੈਚਾਂ ਵਿੱਚ ਇਹ ਤੀਜੀ ਜਿੱਤ ਹੈ ਤੇ ਉਹ ਨੌਂ ਅੰਕਾਂ ਨਾਲ ਦੂਜੇ ਸਥਾਨ 'ਤੇ ਆ ਗਿਆ ਹੈ। ਭਾਰਤ ਆਪਣੇ ਅਗਲੇ ਮੁਕਾਬਲੇ ਵਿੱਚ ਸਾਬਕਾ ਚੈਂਪੀਅਨ ਨਿਊਜ਼ੀਲੈਂਡ ਨਾਲ ਭਿੜੇਗਾ। ਪਾਕਿਸਤਾਨ ਖ਼ਿਲਾਫ਼ ਮੈਚ ਜਿੱਤਣ ਮਗਰੋਂ ਭਾਰਤੀ ਟੀਮ ਦੇ ਡਰੈਗ ਫਲਿੱਕਰ ਰੂਪਿੰਦਰ ਪਾਲ ਸਿੰਘ ਨੇ ਅੱਜ ਪੈਨਲਟੀ ਸਟਰੋਕ ਖੁੰਝਣ 'ਤੇ ਅਫਸੋਸ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਜੇ ਇਹ ਗੋਲ ਹੋ ਜਾਂਦਾ ਤਾਂ ਜਿੱਤ ਦਾ ਫਰਕ ਹੋਰ ਵੱਡਾ ਹੋਣਾ ਸੀ।

ਸਮੂਹ ਸਾਧ-ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਤੇ ਵਿਸਾਖੀ ਦੀਆਂ

ਲੱਖ-ਲੱਖ ਵਧਾਈ


Mr and Mrs Onkar Singh Saini

**Preet Fabrics & Appliance**

5156 mowry AVE, Fremont. CA 94538

(M) 510-797-7111, (Fax) 510-739-6350

ਸਮੂਹ ਸਾਧ-ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਤੇ ਵਿਸਾਖੀ ਦੀਆਂ

ਲੱਖ-ਲੱਖ ਵਧਾਈਆਂ


Sarabjit Singh Thiara with Sons Harman Thiara Sarb junior & daughter Jasmine Thiara

**Sarabjit Singh Thiara**

530-682-5861

Famous businessman from Yuba City, California



ਸਮੂਹ ਸਾਧ-ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਤੇ ਵਿਸਾਖੀ ਦੀਆਂ

ਲੱਖ-ਲੱਖ ਵਧਾਈ



**KULWANT SINGH NIJJAR**

**SUKHBIR SINGH NIJJAR**

510-299-0224

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ ਲੱਖ ਮੁਬਾਰਕਾਂ



**GARY BASRAI**

**HALLER'S PHARMACY FREMONT**

37323 Fremont Blvd, Fremont, CA- 94536


510-797-2772

# ਪੱਥਰ ਯੁੱਗ ਦਾ ਇਕ ਹੋਰ ਹੀਰਾ- ਪਰਗਣ ਤੇਜ਼ੀ



ਜਗਤਾਰ ਸਿੰਘ ਗਿੱਲ, ਫਰੀਮਾਂਟ
(ਪਿੰਡ ਪੁਰਾਣੇ ਵਾਲਾ, ਮੋਗਾ) 408-857-4455

ਤਕਨੀਕੀ ਖੇਤਰ ਵਿਚ ਹੋਈ ਲੋਹੜੇ ਦੀ ਤਰੱਕੀ ਨੇ ਆਮ ਆਦਮੀ ਦੀ ਜ਼ਿੰਦਗੀ ਵਿਚ ਇੰਨਾ ਵੱਡਾ ਰੋਲ ਅਦਾ ਕੀਤਾ ਹੈ ਕਿ ਕਈ ਬੁਲੰਦੀਆਂ ਨੂੰ ਛੂਹ ਗਏ ਤੇ ਕਈ ਅਰਸ਼ ਤੋਂ ਫਰਸ਼ 'ਤੇ ਡਿੱਗ ਪਏ। ਨਵੀਂ ਤਕਨੀਕ ਤੇ ਪੈਸੇ ਦੇ ਜ਼ੋਰ ਨਲ ਕਈ ਬੇਸੁਰੇ ਗਾਇਕ ਰਾਤੋ ਰਾਤ ਸਟਾਰ ਬਣ ਗਏ ਤੇ ਅਸਲ ਵਿਚ ਜਿਹੜੇ ਲੋਕਾਂ ਦੇ ਦਿਲਾਂ ਤੇ ਰਾਜ਼ ਕਰਦੇ ਸਨ, ਉਹ ਹੌਲੀ-ਹੌਲੀ ਮਾਰਕੀਟ 'ਚੋਂ ਬਾਹਰ ਹੋ ਗਏ। ਪੱਥਰ ਦੇ ਤਵਿਆਂ ਸਮੇਂ ਜਿਹਨਾਂ ਦਾ ਬੋਲਬਾਲਾ ਸੀ, ਉਸਨੂੰ ਕੈਸਿਟ ਯੁੱਗ ਨੇ ਠੇਸ ਪਹੁੰਚਾਈ ਤੇ ਜਿਹੜੇ ਥੋੜ੍ਹੇ ਬਹੁਤ ਬਚੇ ਸਨ, ਉਹ ਸੀ. ਡੀ. ਯੁੱਗ ਨੇ ਖਤਮ ਕਰ ਦਿੱਤੇ। ਸੀਡੀਆਂ ਆਈਆ, ਐਲਬਮਾਂ ਆਈਆਂ, ਪੈਨ ਡਰਾਈਵ ਆਈ, ਅਜੇ ਪਤਾ ਨਹੀਂ ਹੋਰ ਕੀ ਕੀ ਆਉਣਾ ਬਾਕੀ ਹੈ। ਨਵਾਂ ਤਕਨੀਕੀ ਯੁੱਗ ਕਈਆਂ ਦੇ ਰਾਸ ਆ ਗਿਆ ਤੇ ਕਈ ਸੜਕ 'ਤੇ ਆ ਗਏ। ਪੈਸੇ ਦੇ ਜ਼ੋਰ ਨਾਲ ਬਣੇ ਗਾਇਕ, ਫੇਸਬੁੱਕ ਤੇ ਵੱਧ ਤੋਂ ਵੱਧ 'ਲਾਈਕ' ਕਰਵਾ ਕੇ ਬਨਾਵਟੀ ਵਾਜੇ ਵਜਾਈ ਗਏ। ਹੁਣ ਪਤਾ ਲੱਗਾ ਜਦ ਲੋਕ ਸੀਡੀਆਂ ਵੀ ਖਰੀਦਣੋਂ ਹਟ ਗਏ ਤੇ ਅਖੀਰ ਆਪਣੇ ਆਪ ਹੀ 'ਯੂ ਟਿਊਬ' ਤੇ ਪਾ ਕੇ ਖਾੜੇ ਲਾਉਣ ਦਾ ਜੁਗਾੜ ਕਰ ਲਿਆ ਪਰ ਕਿੰਨੀ ਦੇਰ ਇਹਨਾਂ ਨੇ ਪੁਰਾਣੇ ਗਾਇਕਾਂ ਦੀ ਪਿੱਠ ਲਵਾਈ, ਅੱਜ ਆਪ ਛੋਟੇ-ਛੋਟੇ ਪ੍ਰੋਗਰਾਮਾਂ ਲਈ ਤਰਸ ਰਹੇ ਹਨ। ਪੱਥਰ ਦੇ ਤਵਿਆਂ ਸਮੇਂ ਗਾਇਕ ਇਕ ਵਾਰੀ ਸਥਾਪਤ ਹੋ ਗਿਆ ਤਾਂ 20-25 ਵਰ੍ਹੇ ਚੱਲੀ ਜਾਂਦਾ ਸੀ। ਉਦਾਹਰਣ ਦੇ ਤੌਰ 'ਤੇ ਸਦੀਕ, ਗਰੇਵਾਲ, ਕਰਨੈਲ ਗਿੱਲ, ਦੀਦਾਰ ਸੰਧੂ, ਕੁਲਦੀਪ ਮਾਣਕ, ਗੁਰਪਾਲ ਪਾਲ ਤੇ ਹਾਕਮ ਬਖਤੜੀਵਾਲਾ ਹੋਰੀ ਹਨ।



ਪਰਗਣ ਤੇਜੀ

ਵਕਤ ਦੇ ਝੰਮੇ ਇਕ ਅਜਿਹੇ ਕਲਾਕਾਰ ਦੀ ਗੱਲ ਕਰਨ ਜਾ ਰਿਹਾ ਹਾਂ, ਜਿਸਦੀ ਪੱਥਰ ਦੇ ਯੁੱਧ ਸਮੇਂ ਪੂਰੀ ਚੜ੍ਹਾਈ ਸੀ ਪਰ ਅੱਜ ਲੋਕੀ ਉਸਦੇ ਨਾਂ ਨੂੰ ਵੀ ਭੁੱਲ ਗਏ ਹਨ, ਮੇਰੀ ਮੁਰਾਦ ਪਰਗਣ 'ਤੇਜੀ' ਤੋਂ ਹੈ। ਕੋਈ ਸਮਾਂ ਸੀ ਤੇਜੀ ਦਿਨ ਵਿਚ ਦੋ-ਦੋ ਖਾੜੇ ਲਾਉਂਦਾ ਸੀ। ਉਸਦਾ ਹਰ ਖਾੜਾ ਹਿੱਟ ਹੁੰਦਾ ਤੇ ਹਰ ਤਵਾ ਹੱਥੋ ਹੱਥੀ ਵਿਕ ਜਾਂਦਾ। ਪ੍ਰੋਗਰਾਮਾਂ ਦੀ ਲੜੀ ਲੱਗੀ ਰਹਿੰਦੀ। ਪੰਜਾਬ ਦੇ ਤਕਰੀਬਨ ਹਰੇਕ ਪਿੰਡ ਵਿਚ ਤੇਜੀ ਨੇ ਖਾੜਾ ਲਾਇਆ ਪਰ ਅੱਜ ਤੇਜੀ ਗੁੰਮ-ਸੁੰਮ ਹੈ। ਚੜ੍ਹਾਈ ਸਮੇਂ ਉਸਨੇ ਬਹੁਤੀ ਗੌਰ ਨਾ ਕੀਤੀ ਤੇ ਨਾ ਹੀ ਬਹੁਤਾ ਕੁਝ ਜੋੜਿਆ। ਖਾਣ-ਪੀਣ ਵਾਲਾ ਯਾਰਾਂ ਦਾ ਯਾਰ ਹੈ ਤੇ ਰੱਬ ਦੀਆਂ ਦਿੱਤੀਆਂ ਖਾਣ ਵਾਲਾ ਬੰਦਾ ਹੈ। ਚੜ੍ਹੀ ਲੱਥੀ ਦੀ ਉਸਨੂੰ ਕੋਈ ਫਿਕਰ ਨਹੀਂ। ਹਰ ਕੰਮ ਨੂੰ ਉਹ ਰੱਬ ਦੀ ਰਜ਼ਾ ਹੀ ਮੰਨਦਾ ਹੈ। ਜੇ ਪੁੱਛੀਏ ਨਵੇਂ ਕਲਾਕਾਰਾਂ ਨੇ ਤੁਹਾਡੀ ਜਗ੍ਹਾ ਲੈ ਲਈ ਹੈ ਤਾਂ ਕਹਿੰਦਾ ਹੈ ''ਕਈ ਗਾ ਗਾ ਕੇ ਚਲੇ ਗਏ ਅਸੀਂ ਵੀ ਚੱਲੇ ਹਾਂ ਤੇ ਹੁਣ ਵਾਲਿਆਂ ਨੇ ਵੀ ਕਿਹੜਾ ਠੇਕਾ ਲਿਆ ਹੈ। ਅਸੀਂ ਤਾਂ ਪੰਦਰਾਂ ਸਾਲ ਕੱਢ ਹੀ ਲਏ, ਇਹਨਾਂ ਤੋਂ ਪੰਦਰਾਂ ਮਹੀਨੇ ਨਹੀਂ ਨਿਕਲਦੇ। ਉਹ ਦੁੱਖੀ ਹੋ ਕੇ ਆਖਦਾ ਹੈ, ਪੈਸਾ ਪ੍ਰਧਾਨ ਹੈ, ਸਾਡੇ ਮੌਕੇ ਲੋਕ ਪੈਸੇ ਨੂੰ ਮੁੱਖ ਨਹੀਂ ਰੱਖਦੇ ਸਨ। ਅਸੀਂ ਮਾਣ-ਇੱਜਤ ਨਾਲ ਗਾਇਆ ਹੈ, ਪੈਸੇ ਲਈ ਨਹੀਂ। ਅੱਜ ਪੈਸੇ ਲਈ ਗਾਉਂਦੇ ਹਨ।

ਪਰਗਣ ਤੇਜੀ ਦਾ ਜਨਮ 1953 'ਚ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਟਾਹਲੀ ਦਾ ਹੈ। ਗਾਇਕੀ ਵੱਲ ਝੁਕਾਅ ਵੱਡੇ ਭਰਾ ਬਖਸ਼ੀਸ਼ ਸਿੰਘ ਨੂੰ ਕੀਰਤਨ ਕਰਦੇ ਵੇਖ ਕੇ ਹੋਇਆ। ਬਖਸ਼ੀਸ਼ ਸਿੰਘ ਦੇ ਗਲੇ ਵਿਚ ਬਹੁਤ ਹੀ ਮਿਠਾਸ ਸੀ। ਅੰਨੇ ਬੰਨੇ ਲੋਕ ਪਾਠਾਂ, ਵਿਆਹਾਂ-ਸ਼ਾਦੀਆਂ 'ਚ ਉਸ ਨੂੰ ਲੈ ਕੇ ਜਾਂਦੇ। ਤੇਜ਼ੀ ਉਸ ਨਾਲ ਸੰਗਤ ਕਰਦਾਕਰਦਾ ਹਰਮੋਨੀਅਮ ਤੇ ਤਬਲਾ ਸਿੱਖ ਗਿਆ। ਭਾਵਾਂ, ਰਾਗਾਂ ਤੇ ਸਾਜ਼ਾਂ ਦੀ ਸਮਝ ਲੱਗਣ ਲੱਗ ਪਈ। ਸਕੂਲ 'ਚ ਪੜ੍ਹਦੇ ਸਮੇਂ ਉਹ ਬਾਲ ਸਭਾ 'ਚ ਗਾਉਂਦਾ ਤਾਂ ਬਹੁਤ ਰੰਗ ਬੰਨ੍ਹਦਾ। ਇਕ ਵਾਰੀ ਜਦ ਤੇਜ਼ੀ ਦਸਵੀਂ ਜਮਾਤ 'ਚ ਸੀ ਤਾਂ ਲੋਕ ਸੰਪਰਕ ਵਿਭਾਗ ਵਾਲਿਆਂ ਨੇ ਪਿੰਡ 'ਚ ਪ੍ਰੋਗਰਾਮ ਕੀਤਾ। ਇਸ ਵਿਚ ਪ੍ਰਾਣ ਨਾਮ ਪ੍ਰੇਮੀ ਦਾ ਗਰੁੱਪ ਸੀ, ਜਿਸ ਵਿਚ ਜਗਜੀਤ ਜੀਰਵੀ ਤੇ ਰੰਜਨਾ ਦਾ ਦੋਗਾਣਿਆਂ ਵਾਲਾ ਗਰੁੱਪ ਸੀ, ਨਾਲ ਮਿਲਖੀ ਰਾਮ ਤੇ ਸਵਰਨ ਚੰਦ ਲਹਿਰੀ ਸਨ। ਇਹ ਪ੍ਰੋਗਰਾਮ ਸਕੂਲ ਦੀ ਗਰਾਊਂਡ ਵਿਚ ਹੋਇਆ।



ਪਰਗਣ ਤੇਜੀ ਗੀਤ ਪੇਸ਼ ਕਰਦੇ ਹੋਏ। ਨਾਲ ਮੋਹਣ ਸਿੰਘ ਚਰਖਾ ਤੇ ਗੀਤਕਾਰ ਸਨਮੁਖ ਸਿੰਘ ਅਜ਼ਾਦ ਖੜੇ ਹਨ।

ਹੈਡਮਾਸਟਰ ਨੇ ਸਟੇਜ ਸੈਕਟਰੀ ਸਨਮੁੱਖ ਸਿੰਘ ਆਜ਼ਾਦ ਨੂੰ ਕਿਹਾ ਕਿ ਸਾਡਾ ਮੁੰਡਾ ਬਹੁਤ ਸੋਹਣਾ ਗਾਉਂਦਾ ਹੈ, ਉਸਨੂੰ ਵੀ ਮੌਕਾ ਦਿਓ। ਆਜ਼ਾਦ ਨੇ ਤੇਜ਼ੀ ਨੂੰ ਪੁੱਛਿਆ ਕਾਕਾ ਕੀ ਗਾਏਂਗਾ? ਜੀ ਮੈਂ ਹੀਰ ਗਾਵਾਂਗਾ। ਜਦ ਉਸਨੇ ਹੀਰ ਗਾਈ ਤਾਂ ਸਾਰੇ ਕਲਾਕਾਰ ਖੁਸ਼ ਹੋ ਗਏ ਤਾਂ ਤੇਜ਼ੀ ਨੂੰ ਸ਼ਾਬਾਸ਼ ਦਿੱਤੀ। ਸਕੂਲ ਦਾ ਸਟਾਫ ਵੀ ਖੁਸ਼ ਸੀ। ਤੇਜ਼ੀ ਨੇ ਪ੍ਰਾਣ ਨੂੰ ਬੇਨਤੀ ਕੀਤੀ ਕਿ ਮੈਨੂੰ ਵੀ ਆਪਣੇ ਚਰਨੀਂ ਲਾ ਲਓ ਤਾਂ ਪ੍ਰੇਮੀ ਨੇ ਹਾਂ ਕਰ ਦਿੱਤੀ।

ਘਰ ਆ ਕੇ ਆਪਣੇ ਪਿਤਾ ਨੂੰ ਕਿਹਾ ਕਿ ਮੈਂ ਪ੍ਰੇਮੀ ਗਰੁੱਪ 'ਚ ਸ਼ਾਮਲ ਹੋ ਕੇ ਗਾਉਣ ਸਿੱਖਣਾ ਹੈ ਤੇ ਗਾਉਣ ਲੱਗਣਾ ਹੈ। ਪਿਤਾ ਨੇ ਕਿਹਾ, ''ਪੁੱਤ ਪੜ੍ਹ ਲੈ ਤੇ ਕਿਸੇ ਨੌਕਰੀ ਤੇ ਲੱਗਜੀ। ਗਾਉਣ ਨੇ ਤੈਨੂੰ ਕੁਝ ਨਹੀਂ ਦੇਣਾ। ਇਹ ਤੇਰੇ ਵੱਸ ਦਾ ਰੋਗ ਨਹੀਂ। ਇਕ ਦਿਨ, ਮੈਂ ਭਾਵੇਂ ਨਾ ਵੇਖਾਂ, ਪਰ ਤੂੰ ਬਹੁਤ ਪਛਤਾਏਂਗਾ''। ਪਿਤਾ ਦੇ ਕਹੇ ਲਫਜ਼ ਅੱਜ ਵੀ ਮੇਰੀ ਨੀਂਦ ਹਰਾਮ ਕਰ ਦਿੰਦੇ ਹਨ। ਕਾਸ਼ ਮੈਂ ਪਿਤਾ ਦੀ ਮੰਨ ਲੈਂਦਾ।

ਪਰਿਵਾਰ ਤੋਂ ਵਾਹਰਾ ਹੋ ਕੇ ਉਹ ਜਲੰਧਰ ਪ੍ਰੇਮੀ ਦੇ ਡੇਰੇ ਪਹੁੰਚ ਗਿਆ। ਦਸਵੀਂ ਕਰ ਲਈ ਸੀ ਤੇ ਪ੍ਰੈਪ 'ਚ ਦਾਖਲਾ ਲੈ ਲਿਆ ਸੀ। ਸਿਰਫ ਦਾਖਲਾ ਪੇਪਰ ਹੀ ਪਾਸ ਰਹਿ ਗਏ, ਪੜ੍ਹਾਈ ਨੂੰ ਬਰੇਕਾਂ ਲੱਗ ਗਈਆਂ। ਚਾਰ ਪੰਜ ਸਾਲ ਉਹਨਾਂ ਨਾਲ ਤੁਰਿਆ ਫਿਰਦਾ ਰਿਹ। ਇਕ-ਦੋ ਸੋਲੋ ਗੀਤ ਗਾਉਂਦਾ ਤੇ ਰੰਜਨਾਂ ਨਾਲ ਦੋ-ਤਿੰਨ ਗੀਤ ਦੋਗਾਣੇ ਗਾ ਦਿੰਦਾ। ਰੰਜਨਾ ਨਾਲ ਗੀਤ- ਛੱਲੀਆਂ ਛੱਲੀਆਂ ਛੱਲੀਆਂ, ਵੀਰਾ ਮੈਨੂੰ ਲੈ ਚੱਲ ਵੇ, ਮੇਰੀਆਂ ਕੱਤਣ ਸਹੇਲੀਆਂ ਕੱਲੀਆਂ। ਇਹ ਗੀਤ ਉਹਨੂੰ ਅੱਜ ਵੀ ਸਰੂਰ ਦੇ ਜਾਂਦਾ ਹੈ।

ਇਕ ਦਿਨ ਪ੍ਰੇਮੀ ਨੇ ਕਿਹਾ "ਪਰਗਣਾ ਤੂੰ ਸੋਹਣਾ ਗਾ ਲੈਨਾ ਐਂ। ਹੁਣ ਲੁਧਿਆਣੇ ਜਾਹ ਤੇ ਲੋਕਾਂ ਵਾਸਤੇ ਗਾ।'' ਪਰਗਣ ਲੁਧਿਆਣੇ ਆ ਕੇ ਸਤਨਾਮ ਚੰਗਿਆੜੇ ਨੂੰ ਆਪਣਾ 'ਗੁਰੂ' ਧਾਰ ਲਿਆ। ਉਸ ਤੋਂ ਗਾਇਕੀ ਦੀਆਂ ਬਰੀਕੀਆਂ ਸਿੱਖੀਆਂ, ਸਟੇਜ ਸਾਂਭਣ ਦੇ ਵੱਲ ਸਿੱਖੇ ਤੇ ਲੋਕਾਂ ਦੀ ਨਬਜ਼ ਵੇਖ ਕੇ ਗਾਉਣ ਬਾਰੇ ਸਿੱਖਿਆ। ਫਿਰ ਉਹ ਸੀਨੀਅਰ ਕਲਾਕਾਰਾਂ ਨਾਲ ਸਟੇਜਾਂ ਤੇ ਜਾਣ ਲੱਗ ਪਿਆ। ਇਕ-ਦੋ ਗੀਤ ਗਾਉਂਦਾ ਤੇ ਖਾਣ-ਪੀਣ ਚਲਿਆ ਜਾਂਦਾ।

1980 ਵਿਚ ਉਸਦਾ ਪਹਿਲਾ ਈ. ਪੀ. ਨੀਲਮ ਗਿੱਲ ਨਾਲ ਸਿਰੇ ਦੀ ਕੰਪਨੀ ਐਚ. ਐਮ. ਵੀ. ਨੇ ਰਿਲੀਜ਼ ਕੀਤਾ। ਪਹਿਲਾ ਰਿਕਾਰਡ ਹੀ ਸਫਲ ਹੋ ਗਿਆ ਤੇ ਪਰਗਣ ਦੀ ਲੁਧਿਆਣੇ ਦੀ ਮੰਡੀ ਵਿਚ ਜਾਣ ਪਹਿਚਾਣ ਬਣ ਗਈ- ਗੀਤਾਂ ਦੇ ਬੋਲ ਸਨ- ਨਾਲੇ ਮੁੰਡੇ ਰੰਨਾਂ ਭਾਲਦੇ, ਨਾਲੇ ਕੁੜੀਆ ਜੰਮਣ ਤੋਂ ਡਰਦੇ। ਜੀਜਾ ਵੇ ਛੰਦ ਸੁਣਾਈ- ਗੱਡੀ ਜੱਟ ਦੀ ਤੇ ਜਾਂਦੀ ਧੂੜਾਂ ਪੱਟਦੀ, ਫੁੱਲ ਵਾਂਗੂ ਤਰਜੇਂਗੀ ਕਰ ਸੰਤਾਂ ਦੀ ਸੇਵਾ।

ਹੁਣ ਪਰਗਣ ਨੇ ਲੁਧਿਆਣੇ ਚੁਬਾਰਾ ਲੈ ਕੇ ਫੱਟਾ ਲਟਕਾ ਦਿੱਤਾ 'ਪਰਗਣ ਤੇਜੀ ਤੇ ਨੀਲਮ ਗਿੱਲ'। ਖਾੜੇ ਬੁੱਕ ਕਰਵਾਓ। ਸਾਈਆਂ ਮਿਲਣੀਆਂ ਆਰੰਭ ਹੋ ਗਈਆਂ ਤੇ ਪਰਗਣ ਪੈਰਾਂ ਸਿਰ ਹੋ ਗਿਆ। ਲੰਮੀ ਜੱਦੋ ਜਹਿਦ ਰਾਸ ਆ ਗਈ। ਜਦੋਂ ਦਿਨ ਚੰਗੇ ਹੋਣ ਤਾਂ ਸਭ ਕੁਝ ਆਪਣੇ ਆਪ ਹੀ ਠੀਕ ਹੋ ਜਾਂਦਾ ਹੈ। ਇਕ ਦਿਨ ਪ੍ਰੋਗਰਾਮ ਕਰਕੇ ਹਟੇ ਸਨ। ਮੁੰਡੇ ਵਾਲਿਆਂ ਨੇ ਖਾੜਾ ਬੁੱਕ ਕੀਤਾ ਸੀ। ਜਿੱਥੇ ਵਿਆਹੁਣ ਜਾਣਾ ਸੀ, ਖਾੜਾ ਉਥੇ ਲੱਗਣਾ ਸੀ, ਪਹਿਲੇ ਦਿਨ ਪਿੰਡ ਲੱਗਾ ਸੀ। ਕੁੜੀ ਵਾਲਾ ਪਰਿਵਾਰ ਗਰੀਬ ਸੀ। ਕੁੜੀ ਵਾਲੇ ਪਰਿਵਾਰ ਦੇ ਬਾਹਰਲੇ ਘਰੇ ਬੈਠਕ ਵਿਚ ਇਹਨਾਂ ਨੇ ਤਿਆਰ ਹੋਣਾ ਸੀ। ਘਰ ਦੀ ਹਾਲਤ ਵੇਖ ਕੇ ਪਰਗਣ ਨੂੰ ਤਰਸ ਆਇਆ। ਖਾੜੇ ਦਾ ਰੇਟ 2200 ਰੁਪਏ ਸੀ। ਪਰਗਣ ਨੇ ਹਜ਼ਾਰ ਰੁਪਿਆ ਖਾੜਾ ਸ਼ੁਰੂ ਹੋਣ ਤੋਂ ਪਹਿਲਾਂ ਵਿਆਹ ਵਾਲੀ ਕੁੜੀ ਦੀ ਝੋਲੀ ਵਿਚ ਪਾ ਕੇ ਸਿਰ 'ਤੇ ਪਿਆਰ ਦਿੱਤਾ ਤੇ ਕਿਹਾ 'ਤੂੰ ਮੇਰੀ ਭੈਣ ਹੈ ਪਰਮਾਤਮਾ ਤੈਨੂੰ ਸੁਖੀ ਰੱਖੇ।' ਪਿੰਡ ਵਿਚ ਤੇ ਬਰਾਤ ਵਿਚ ਤੇਜ਼ੀ ਦੀ ਬਹੁਤ ਸਿਫਤ ਹੋਈ।

ਪਰਮਾਤਮਾ ਵਿਚ ਯਕੀਨ ਰੱਖਣ ਵਾਲਾ ਇਨਸਾਨ ਹੈ ਤੇਜੀ। ਕਹਿਣ ਲੱਗਾ, ਕੁੜੀ ਨੂੰ ਸ਼ਗਨ ਦੇ ਖਾੜਾ ਲਾ ਕੇ ਜਦ ਮੈਂ ਘਰੇ ਆਇਆ ਤਾਂ ਦਿੱਲੀ ਤੋਂ ਚਿੱਠੀ ਆਈ ਪਈ ਸੀ। ਜਦ ਖੋਲ੍ਹੀ ਤਾਂ ਵਿਚ ਕੰਪਨੀ ਦੀ ਰਾਇਲਟੀ ਦਾ ਚੈਕ 3565 ਰੁਪਏ ਦਾ ਆਇਆ। ਮੈਂ ਕਿਹਾ, ਦਾਤਿਆ ਤੂੰ ਬਹੁਤ ਬੇਅੰਤ ਹੈਂ। ਹੋਰ ਤਾਂ ਹੋਰ ਨਾਲ ਜ਼ਹੀਰ ਅਹਿਮਦ ਦੀ ਚਿੱਠੀ ਵੀ ਸੀ, ਲਿਖਿਆ ਸੀ- ਆਪਕੇ ਗੀਤੋਂ ਕੀ ਵਿੱਕਰੀ ਬਾ-ਕਮਾਲ ਹੈ, ਚਾਰ ਔਰ ਗੀਤ ਤਿਆਰ ਕਰਕੇ ਜਲਦੀ ਮਿਲੋ।'

ਬੱਸ ਫਿਰ ਕੀ- ਗੀਤ ਤਾਂ ਖਾੜਿਆਂ ਤੇ ਕਈ ਗਾ ਕੇ ਜ਼ਬਾਨੀ ਯਾਦ ਹੋਏ ਪਏ ਸਨ। ਨੀਲਮ ਗਿੱਲ ਕਿਸੇ ਕਾਰਨ ਕਰਕੇ ਦਿੱਲੀ ਨਾ ਗਈ ਜਾਂ ਜਾਣ ਨਹੀਂ ਦਿੱਤੀ ਗਈ। ਦੂਜਾ ਰਿਕਾਰਡ ਪਰਮਜੀਤ ਪਾਲੀ ਨਾਲ ਆਇਆ- ਸੱਤਾਂ ਪੋਰੀਆਂ ਦੀ ਡਾਂਗ 'ਚ ਗੰਡਾਸਾ ਜੱਟ ਨੇ ਰੱਖਿਆ ਜੜ੍ਹ ਕੇ- ਚੜ੍ਹ ਗਿਆ ਪੋਹ ਭਾਬੀ, ਬਚਣਗੇ ਉਹ ਭਾਬੀ, ਜੋ ਪੈਣਗੇ ਦੋ ਭਾਬੀ- ਗੀਤ ਰਾਹੀਂ ਦਿਓਰ ਭਾਬੀ ਨੂੰ ਆਪਣੀ ਭੈਣ ਦਾ ਰਿਸ਼ਤਾ ਕਰਵਾਉਣ ਲਈ ਕਹਿੰਦਾ ਹੈ, ਤੇ ਜੋੜੀ ਬਣਾਉਣ ਨੂੰ ਕਹਿੰਦਾ ਹੈ। ਉਹਨਾਂ ਦਿਨਾਂ ਵਿਚ ਤਵੇ ਜਲਦੀ-ਜਲਦੀ ਰਿਲੀਜ਼ ਨਹੀਂ ਹੁੰਦੇ ਸੀ ਪਰ ਸਾਰੇ ਗਾਇਕ ਰਲ-ਮਿਲ ਕੇ ਇਕ ਦੂਜੇ ਦੇ ਗੀਤ ਸਟੇਜਾਂ ਤੇ ਗਾ ਕੇ ਰੰਗ ਬੰਨ੍ਹ ਦਿੰਦੇ ਸਨ।

ਇਸ ਤਰ੍ਹਾਂ ਪਰਗਣ ਨੇ ਨੀਲਮ ਗਿੱਲ, ਪਰਮਜੀਤ ਪਾਲੀ, ਸੁਰਿੰਦਰ ਮੋਹਣੀ, ਮੀਨਾ ਸ਼ਰਮਾ ਤੇ ਰੰਜਨਾ ਨਾਲ ਗੀਤ ਰਿਕ-ਾਰਡ ਕੀਤੇ ਪਰ ਸਟੇਜ ਤੇ ਉਹਨਾਂ ਨੇ ਨਰਿੰਦਰ ਬੀਬਾ, ਜਗਮੋਹਣ ਕੌਰ, ਸਵਰਨ ਲਤਾ, ਸਰਬਜੀਤ ਕੋਕੇ ਵਾਲੀ, ਸੁਖਵੰਤ ਸੁੱਖੀ, ਗੁਲਸ਼ਨ ਕੋਮਲ, ਹਰਜੀਤ ਗਿੱਲ, ਮਨਜੀਤ ਭੁੱਲਰ ਤੇ ਉਪਿੰਦਰ ਕੌਰ ਨਾਲ ਗਾਇਆ। ਵਿਆਹਾਂ ਦੇ ਸੀਜ਼ਨ 'ਚ ਜਦ ਚੋਟੀ ਦੇ ਕਲਾਕਾਰ ਬੁੱਕ ਹੁੰਦੇ ਸਨ ਤਾਂ ਇਹ ਛੋਟੇ ਕਲਾਕਾਰ ਰਲ-ਮਿਲ ਕੇ ਕੱਤੀ ਪਾ ਆਉਂਦੇ ਸਨ। ਇਹਨਾਂ ਦੇ ਰੇਟ ਆਮ ਬੰਦੇ ਦੀ ਪਹੁੰਚ ਦੇ ਹੁੰਦੇ ਸਨ ਤੇ ਸਧਾਰਨ ਪਰਿਵਾਰ ਵੀ ਮਨੋਰੰਜਨ ਕਰ ਲੈਂਦੇ ਸਨ।

ਨਰਿੰਦਰ ਬੀਬਾ ਦੇ ਉਪਕਾਰ ਨੂੰ ਉਹ ਭੁਲਾਉਂਦਾ ਨਹੀਂ। 1976 ਵਿਚ ਬੀਬਾ ਪਰਗਣ ਨੂੰ ਰੇਡੀਓ ਸਟੇਸ਼ਨ ਜਲੰਧਰ ਲੈ ਗਈ। ਉਸਦੀ ਆਵਾਜ਼ ਚੈਕ ਕਰਵਾਈ, ਆਡੀਸ਼ਨ ਦਿੱਤਾ ਤੇ ਪਾਸ ਕਰ ਗਿਆ। ਪਹਿਲਾਂ ਉਹ ਰੇਡੀਓ ਕਲਾਕਾਰ ਬਣਿਆ ਤੇ ਫਿਰ ਐਚ. ਐਮ. ਵੀ. ਕਲਾਕਾਰ। ਐਚ. ਐਮ. ਵੀ. 'ਚ ਵੀ ਨਰਿੰਦਰ ਬੀਬਾ ਦੇ ਕਰਕੇ ਉਸਨੂੰ ਐਂਟਰੀ ਮਿਲੀ। ਇਸ ਕੰਪਨੀ ਦਾ ਕਲਾਕਾਰ ਬਣਨਾ ਮਾਅਨੇ ਰੱਖਦਾ ਸੀ। ਬੀਬਾ ਦੀ ਉਹ ਬਹੁਤ ਸਿਫਤ ਕਰਦਾ ਹੈ, ਜਿਸਨੇ ਉਸਨੂੰ ਰਿਜ਼ਕ ਪਾਇਆ।

1982 ਵਿਚ ਉਸਦਾ ਵਿਆਹ ਮਨਜਤ ਕੌਰ ਨਾਂ ਦੀ ਲੜਕੀ ਨਾਲ ਹੋਇਆ। ਉਹ ਗਾਉਂਦੀ ਸੀ ਪਰ ਆਵਾਜ਼ ਵਧੀਆ ਨਾ ਹੋਣ ਕਰਕੇ ਬਹੁਤੇ ਰਿਕਾਰਡ ਨਾ ਕਰਵਾ ਸਕੀ। ਉਹ ਸੋਚਦਾ ਸੀ ਕਿ ਜੇ ਉਹ ਵਧੀਆ ਗਾਉਂਦੀ ਤਾਂ ਸਾਡੇ ਤੇ ਸ਼ਾਇਦ ਗਰੀਬੀ ਨਾ ਰਹਿੰਦੀ। ਇਹਨਾਂ ਦੋਹਾਂ ਨੇ ਇਕ ਅਮਲੀ ਦਾ ਗੀਤ ਰਿਕਾਰਡ ਕਰਵਾਇਆ। ਮਨਜੀਤ ਦਾ ਭਰਾ ਜਾਣੀ ਪਰਗਣ ਦਾ ਇਕ ਸਾਲਾ ਅਮਲੀ ਸੀ- ਉਹ ਗੁੱਸੇ ਹੋ ਗਿਆ- ਕਹਿੰਦਾ ਸਕੇ ਭਰਾ ਨੂੰ ਵੀ ਤੂੰ ਨਹੀਂ ਬਖਸ਼ਿਆ

ਅਮਲੀ- ਪੈ ਗਈਆਂ ਅਮਲੀ ਤੇ ਕਣੀਆਂ
ਰੱਬਾ ਜਾਨ ਮੇਰੀ ਨੂੰ ਬਣੀਆਂ
ਮੇਰੇ ਪੈਣ ਜੜਾ ਕੇ ਬਾਹਾਂ ਦੇ
ਤੇ ਰਗਾਂ ਪਈਆਂ ਨੇ ਤਣੀਆਂ
ਤੂੰ ਮਾਲਿਸ਼ ਕਰਦੇ ਬਚਨ ਕੁਰੇ
ਨੀ ਖੂਨ ਖੜ੍ਹ ਗਿਆ ਬਾਹਾਂ ਦਾ
ਜਦ ਮੀਂਹ ਅਮਲੀ ਤੇ ਪੈ ਗਿਆ
ਸਮਝੋ ਭਿੱਜ ਗਿਆ ਨੋਟ ਪੰਜਾਹਾਂ ਦਾ।
ਘਰਵਾਲੀ- ਤੜਕੇ ਉੱਠ ਕੇ ਸੁਭਾ ਸਵੇਰੇ
ਕੀ ਤੂੰ ਲੈਣ ਗਿਆ ਸੀ ਨ੍ਹੇਰੇ
ਵੇ ਤੂੰ ਚੋਰੀ ਚੁਗੇਂ ਕਪਾਹਾਂ
ਆ ਗਈ ਗੱਲ ਅਕਲ ਵਿਚ ਮੇਰੇ
ਮੈਂ ਵੀ ਆਖਾਂ ਰੋਜ਼ ਰੁਪਈਏ
ਆਉਂਦੇ ਕਿੱਥੋਂ ਫੀਮਾਂ ਨੂੰ
ਮੈਂ ਮੰਨ ਗਈ ਵੇ ਲੋਕੋ
ਅਮਲੀ ਦੀਆਂ ਸਕੀਮਾਂ ਨੂੰ।

ਸਾਲ 1980 ਤੋਂ 1988 ਦਾ ਸਮਾਂ ਪਰਗਣ ਦੀ ਚੰਗੀ ਚੜ੍ਹਾਈ ਸੀ। ਪੰਜਾਬ ਵਿਚ ਕਾਲੇ ਦਿਨਾਂ ਨੇ ਗਾਇਕਾਂ ਨੂੰ ਘਰੀ ਬਿਠਾ ਦਿੱਤਾ ਤੇ ਕਈਆਂ ਦਾ ਕੈਰੀਅਰ ਉਥੇ ਹੀ ਖਤਮ ਹੋ ਗਿਆ। ਅੱਜਕਲ੍ਹ ਪਰਗਣ ਲੁਧਿਆਣੇ ਦੀ ਪੱਖੋਵਾਲ ਸੜਕ ਤੇ ਭਾਈ ਬਾਲਾ ਗੁਰਦੁਆਰੇ ਦੇ ਪਿੱਛੇ ਬਣੀ ਪ੍ਰਕਾਸ਼ ਕਾਲੋਨੀ ਵਿਚ ਰਹਿ ਰਿਹਾ ਹੈ। ਚੰਗਿਆਂ ਵੇਲਿਆਂ 'ਚ ਇਹ ਮਕਾਨ ਬਣਾ ਲਿਆ ਸੀ।

ਪਰਗਣ ਦੇ ਤਿੰਨ ਬੱਚੇ ਹਨ- ਬੇਟੀ ਅੰਮਰਿਤਪਾਲ, ਬੇਟੇ ਯਾਦਵਿੰਦਰ ਤੇ ਅਮਨਦੀਪ। ਪਰਗਣ ਅੱਜਕਲ੍ਹ ਸਕੂਲ ਵਿਚ ਸਕਿਊਰਟੀ ਗਾਰਡ ਦੀ ਡਿਊਟੀ ਕਰਕੇ ਗੁਜ਼ਾਰਾ ਕਰ ਰਿਹਾ ਹੈ। ਕਿਸੇ ਸਮੇਂ ਗਾਉਣ ਦੀ ਰਾਇਲਟੀ ਮਿਲਦੀ ਸੀ, ਉਹ ਬੰਦ ਹੋ ਗਈ। ਕੁਝ ਸਾਲ ਪਹਿਲਾਂ ਐਚ. ਐਮ. ਵੀ. ਦੇ ਜਨਾਬ ਰੈਣਾਂ ਨੇ ਉਸ ਤੋਂ ਰਿਕਾਰਡ ਦੇ ਰੈਪਰ ਤੇ ਹੋਰ ਕੁਝ ਪੇਪਰ ਭਰਵਾਏ ਪਰ ਗੱਲ ਫਿਰ ਨਾ ਬਣੀ। ਉਹ ਦੱਸਦਾ ਸੀ ਮਹੀਨੇ ਦਾ ਢਾਈ ਤਿੰਨ ਹਜ਼ਾਰ ਮਿਲਦਾ ਸੀ। ਪਰਗਣ ਉਦਾਸ ਹੈ ਤੇ ਸਮਾਂ ਗੁਜ਼ਾਰਾ ਹੋ ਰਿਹਾ ਹੈ ਪਰ ਉਹ ਫਿਰ ਵੀ ਖੁਸ਼ ਹੈ ਕਿ ਕਾਲੋਨੀ ਵਾਲੇ ਉਸਨੂੰ ਗਾਇਕ ਮੰਨਦੇ ਹਨ। ਸਰਕਾਰ ਤਾਂ ਕੁਝ ਕਰਦੀ ਨਹੀਂ। ਸਾਨੂੰ ਇਹਨਾਂ ਭੁੱਲੇ ਵਿਰਸੇ ਕਲਾਕਾਰਾਂ ਦੀ ਮਦਦ ਕਰਨੀ ਚਾਹੀਦੀ ਹੈ। ਇਕ ਨਹੀਂ ਬਹੁਤ ਹਨ ਪਰਗਣ ਵਰਗੇ। ਚਤਰ ਸਿੰਘ ਪਰਵਾਨਾ, ਅਮਰਨਾਥ ਤਾਨਸੈਨ ਫਰੀਦਕੋਟ ਅੱਡੇ 'ਚ ਹਾਕਾਂ ਮਾਰਦਾ ਫਿਰਦਾ ਹੈ। ਜੋਗਿੰਦਰ ਸਿੰਘ ਮਤਵਾਲਾ ਰਿਕਸ਼ਾ ਚਲਾ ਰਿਹਾ ਹੈ। ਕੋਈ ਚਪੜਾਸੀ ਹੈ, ਕੋਈ ਬੇਲਦਾਰ। ਪ੍ਰਮਾਤਮਾ ਜਦ ਕਲਾ ਦਿੰਦਾ ਹੈ ਤਾਂ ਮੂਲੋਂ ਵੱਧ ਦਿਆਲ ਹੋ ਜਾਂਦਾ ਹੈ ਤੇ ਜਦ ਗਰੀਬੀ ਦਿੰਦਾ ਹੈ ਤਾਂ ਹੱਣੋਂ ਵੱਧ ਕਰੋਪ। ਖੈਰ ਲੇਖਾਂ ਦੀਆ ਲਿਖੀਆਂ ਨਹੀਂ ਮਿਟਦੀਆਂ। ਹੇ ਪਰਮਾਤਮਾ ਕਿਸੇ ਨੂੰ ਅਮੀਰੀ ਤੋਂ ਬਾਅਦ ਗਰੀਬੀ ਨਾ ਦਿਖਾਵੀਂ, ਇਹ ਬਹੁਤ ਵੱਡਾ ਸ਼ਰਾਪ ਹੈ:

"ਲਿਖੀਆਂ ਲੇਖ ਦੀਆ ਭੋਗ ਲੈ ਮਨਾਂ ਦਿਲ ਲਾ ਕੇ"

PAMMA
LAW FIRM
Sukhraj S. Pamma
Attorney At Law
pammalaw@gmail.com



BABEL
IMMIGRATION LAW, LLP
Magda Tatiana Reyes
Attorney At Law/ Abogada
treyes.babelimmigrationlaw@gmail.com

ਇੰਮੀਗ੍ਰੇਸ਼ਨ ਦੇ ਕਿਸੇ ਵੀ ਕੰਮ ਲਈ ਸੰਪਰਕ ਕਰੋ
Ph 530-329-8424 Fax 530-777-3900
855 Harter Parkway, Suite 305 Yuba City, CA 95993

Issue- 242, Vol-10, April 13, 2016

# ਆਮ ਆਦਮੀ ਪਾਰਟੀ ਕਿਸੇ ਚਿਹਰੇ ਦੀ ਨਹੀ ਸਗੋਂ ਅਸੂਲਾਂ ਦੀ ਰਾਜਨੀਤੀ ਕਰਦੀ ਹੈ:- ਫੂਲਕਾ

ਐਚ.ਐਸ. ਫੂਲਕਾ ਕਿਸੇ ਜਾਣ ਪਛਾਣ ਦੇ ਮੁਹਤਾਜ ਨਹੀ ਹਨ ਪਰ ਫੇਰ ਵੀ ਪਾਠਕਾਂ ਦੀ ਜਾਣਕਾਰੀ ਲਈ ਦਸ ਦੇਈਏ ਕਿ ਫੂਲਕਾ ਬਰਨਾਲਾ ਜ਼ਿਲੇ ਦੇ ਭਦੌੜ ਹਲਕੇ ਦੇ ਜੰਮਪਲ ਹਨ ਅਤੇ ਪੇਸ਼ੇ ਵਜੋਂ ਵਕੀਲ ਹਨ। 1984 ਦੇ ਸਿੱਖ ਦੰਗਿਆਂ ਦੇ ਕੇਸ ਲੜਨ ਕਰਕੇ ਫੂਲਕਾ ਕਾਫੀ ਚਰਚਿਤ ਰਹੇ ਹਨ। ਸਿੱਖ ਦੰਗਿਆਂ ਦੇ ਕੇਸਾ ਦੀ ਪੈਰਵੀ ਦੌਰਾਨ ਉਨਾਂ ਕਈ ਉਤਰਾਅ ਚੜਾਅ ਵੀ ਵੇਖੇ ਤੇ ਇਸ ਕੇਸ ਨੂੰ ਲੈ ਕੇ ਕਈ ਮੁਸ਼ਕਲਾਂ ਦਾ ਸਾਹਮਣਾ ਵੀ ਕੀਤਾ ਤੇ ਇਸ ਜ਼ੁਲਮ ਤੇ ਤਕਰੀਬਨ 32 ਸਾਲ ਬੀਤ ਜਾਣ ਦੇ ਬਾਵਜੂਦ ਅੱਜ ਵੀ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਤਤਪਰ ਹਨ।

ਆਮ ਆਦਮੀ ਪਾਰਟੀ ਦੇ ਹੋਂਦ ਵਿੱਚ ਆਉਣ ਨਾਲ ਉਹ ਇਸ ਦੇ ਸਰਗਰਮ ਮੈਂਬਰ ਬਣੇ ਅਤੇ ਲੋਕ ਸਭਾ ਦੀਆਂ 2014 ਦੀਆਂ ਚੋਣਾਂ ਵੇਲੇ ਲੁਧਿਆਣਾ ਸੰਸਦੀ ਹਲਕੇ ਤੋਂ ਚੋਣ ਲੜੇ ਪਰ ਹਾਰ ਗਏ। ਇਸ ਤੋਂ ਬਾਅਦ ਉਨਾਂ 19 ਸਤੰਬਰ 2015 ਨੂੰ ਇਹ ਕਹਿ ਕੇ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਅਸਤੀਫਾ ਦੇ ਦਿਤਾ ਕਿ ਉਹ 1984 ਦੇ ਦੰਗਿਆਂ ਸਬੰਧੀ ਕੇਸਾਂ ਨੂੰ ਸਮਾਂ ਨਹੀ ਦੇ ਪਾਉਂਦੇ ਤੇ ਸਰਗਰਮ ਸਿਆਸਤ ਤੋ ਲਾਂਭੇ ਹੋ ਗਏ। ਪਰ ਜਿਵੇ ਹੀ ਪੰਜਾਬ ਦੀ ਸਿਆਸਤ ਦਾ ਚੋਣਾਂ ਦਾ ਪਿੜ ਭਖਿਆ ਤਾਂ ਫੂਲਕਾ ਹੈਰਾਨੀਜਨਕ ਢੰਗ ਨਾਲ ਇੱਕ ਵਾਰ ਫੇਰ ਸਰਗਰਮ ਹੋ ਗਏ ਹਨ ਤੇ ਇਸ ਵੇਲੇ ਪੰਜਾਬ ਦੇ ਮੁੱਦਿਆਂ ਨੂੰ ਉਭਾਰ ਰਹੇ ਹਨ। ਫੂਲਕਾ ਦੇ ਮੁੱਖ ਮੰਤਰੀ ਦੇ ਪਦ ਦੇ ਦਾਅਵੇਦਾਰ ਹੋਣ ਦੀਆਂ ਕਨਸੋਆਂ ਵੀ ਮਿਲ ਰਹੀਆਂ ਹਨ ਜਿਸ ਕਾਰਨ ਉਨਾਂ ਨੂੰ ਇਹ ਵੱਡੀ ਜ਼ੁੰਮੇਵਾਰੀ ਦੇ ਕੇ ਵੱਖ ਵੱਖ ਦੇਸ਼ਾਂ ਦੀਆਂ ਯਾਤਰਾਵਾਂ ਕਰ ਕੇ ਪਾਰਟੀ ਦਾ ਪ੍ਰਚਾਰ ਕਰਨ ਤੇ ਪ੍ਰਵਾਸੀ ਪੰਜਾਬੀਆਂ ਨੂੰ ਪਾਰਟੀ ਦੇ ਹੱਕ ਵਿੱਚ ਲਾਮਬੰਦ ਕਰਨ ਲਈ ਚੁਣਿਆ ਗਿਆ ਹੈ। ਅਸੀਂ ਪਾਠਕਾਂ ਨੂੰ ਇਸ ਗੱਲ ਤੋਂ ਜਾਣੂ ਕਰਵਾ ਦੇਣਾ ਚਾਹੁੰਦੇ ਹਾਂ ਕਿ ਇਸ ਮੁਲਾਕਾਤ ਵਿੱਚ ਕੁਝ ਵੀ ਆਪਣੇ ਕੋਲੋਂ ਬਣਾ ਕੇ ਨਹੀ ਲਿਖਿਆ ਗਿਆ ਹੈ ਜੋ ਮੁਲਾਕਾਤ ਦੌਰਾਨ ਸਵਾਲ ਜਵਾਬ ਹੋਏ ਉਨਾਂ ਨੂੰ ਹੀ ਲਿਖਤ ਦੇ ਰੂਪ ਵਿੱਚ ਆਪ ਅੱਗੇ ਪੇਸ਼ ਕੀਤਾ ਜਾ ਰਿਹਾ ਹੈ।

ਸਵਾਲ:- ਫੂਲਕਾ ਜੀ ਸਵਾਗਤ ਹੈ ਤੁਹਾਡਾ ਮੈਲਬੌਰਨ(ਆਸਟ੍ਰੇਲੀਆ) ਵਿੱਖੇ! ਕਿਸ ਤਰਾ ਲੱਗਾ ਇੱਥੇ ਆ ਕੇ ਤੇ ਕਿੱਦਾਂ ਸਬੱਬ ਬਣਿਆ?

ਜਵਾਬ:- ਪਹਿਲਾ ਤਾਂ ਇੰਡੋ ਟਾਇਮਜ਼ ਦੇ ਸਾਰੇ ਪਾਠਕਾਂ ਨੂੰ ਸਤਿ ਸ੍ਰੀ ਅਕਾਲ। ਇਹ ਮੇਰਾ ਆਸਟ੍ਰੇਲੀਆ ਦਾ ਪਹਿਲਾ ਦੌਰਾ ਹੈ। ਮੈਂ ਹੋਰਨਾ ਮੁਲਕਾਂ ਵਿੱਚ ਵੀ ਗਿਆ ਹਾਂ ਪਰ ਸੱਚ ਪੁੱਛੋ ਤਹਾਡਾ ਦੇਸ਼ ਬਹੁਤ ਹੀ ਸੋਹਣਾ ਹੈ ਤੇ ਸਭ ਤੋਂ ਖੁਸ਼ੀ ਦੀ ਗੱਲ ਇਹ ਹੈ ਕਿ ਮੈਂ ਬ੍ਰਿਸਬੇਨ ਸਿੱਖ ਖੇਡਾਂ ਦੇਖ ਕੇ ਆ ਰਿਹਾਂ। ਇਹੋ ਜਿਹਾ ਅਨੁਸਾਸ਼ਨ ਮੈਂ ਕਿਤੇ ਨਹੀਂ ਦੇਖਿਆ। ਲੋਕ ਜਿੱਥੇ ਆਪਣੇ ਪਰਿਵਾਰਾਂ ਨਾਲ ਖੇਡਾਂ ਦਾ ਆਨੰਦ ਮਾਣ ਰਹੇ ਸਨ ਉਥੇ ਹੀ ਖਿਡਾਰੀਆਂ ਦੇ ਨਸ਼ਾ ਰਹਿਤ ਖੇਡ ਪ੍ਰਦਰਸ਼ਨ ਨੂੰ ਦੇਖ ਕੇ ਬਹੁਤ ਖੁਸ਼ੀ ਹੋਈ। ਸਬੱਬ ਤਾਂ ਬਸ ਤੁਹਾਡਾ ਸਭ ਦਾ ਪਿਆਰ ਖਿਚ ਲਿਆਇਆ। ਲੋਕ ਸਭਾ ਚੋਣਾਂ ਵਿੱਚ ਬਿਨਾਂ ਕਹੇ ਆਸਟ੍ਰੇਲੀਆ ਵਸਦੇ ਪੰਜਾਬੀਆਂ ਨੇ ਆਪਣਾ ਫਰਜ ਸਮਝਦੇ ਹੋਏ ਸਾਡੀ ਪਾਰਟੀ ਦੀ ਮਦਦ ਕੀਤੀ। ਇੱਕ ਤਾਂ ਮੈਂ ਸ਼ੁਕਰਾਨਾ ਕਰਨ ਆਇਆਂ ਤੇ ਇਕ ਵਾਰ ਫੇਰ ਆਪ ਸਭ ਦਾ ਮੁੜ ਸਹਿਯੋਗ ਵੀ ਮੰਗਣ ਆਇਆਂ।



ਸਵਾਲ: ਹੁਣ ਗੱਲ ਕਰਦੇ ਹਾਂ ਪੰਜਾਬ ਦੀ ਰਾਜਨੀਤੀ ਬਾਰੇ! ਬਾਦਲ ਸਰਕਾਰ ਨੇ ਜੋ ਐਸ. ਵਾਈ. ਐਲ ਮੁੱਦੇ ਨੂੰ ਬਿਲਕੁਲ ਚੋਣਾਂ ਨੂੰ ਨੇੜੇ ਦੇਖਦਿਆਂ ਉਭਾ ਰਿਆ ਹੈ ਕਿ ਉਹ ਸਹੀ ਹੈ? ਤੁਹਾਡੀ ਪਾਰਟੀ ਦਾ ਇਸ ਮੁੱਦੇ ਤੇ ਕੀ ਸਟੈਂਡ ਹੈ?

ਜਵਾਬ:- ਬਾਦਲ ਸਰਕਾਰ ਨੇ ਐਸ.ਵਾਈ.ਐਲ ਦੇ ਮੁੱਦੇ ਨੂੰ ਚੋਣਾਂ ਨੇਵੇਂ ਆਉਂਦੀਆਂ ਦੇਖ ਕੇ ਰਿਝਾਉਣ ਦੀ ਕੋਸ਼ਿਸ਼ ਤਾਂ ਕੀਤੀ ਹੈ ਪਰ ਉਨ੍ਹਾਂ ਦਾ ਇਹ ਸਟੈਂਡ ਪੰਜਾਬ ਦੀ ਜਨਤਾ ਦੀ ਅੱਖਾਂ ਵਿੱਚ ਸਿਰਫ ਘੱਟਾ ਹੀ ਪਾ ਰਿਹਾ ਹੈ ਕਿਉਕਿ ਇਹ ਕੇਸ ਸੁਪਰੀਮ ਕੋਰਟ ਵਿੱਚ ਪੈਂਡਿੰਗ ਹੈ ਤੇ ਜੇ ਸੂਬਾ ਸਰਕਾਰ ਚਾਹੇ ਤਾਂ ਇਸ ਮੁੱਦੇ ਨੂੰ ਮਿੰਟਾਂ ਵਿੱਚ ਹੀ ਹੱਲ ਕਰਵਾ ਕੇ ਪੰਜਾਬ ਨੂੰ ਬਣਦਾ ਹੱਕ ਵੀ ਦਿਵਾ ਸਕਦੀ ਹੈ ਕਿਉਕਿ ਕੇਂਦਰ ਵਿੱਚ ਉਹਨਾਂ ਦੀ ਭਾਈਵਾਲ ਪਾਰਟੀ (ਬੀ.ਜੇ.ਪੀ) ਦੀ ਸਰਕਾਰ ਹੈ ਤੇ ਕੇਂਦਰ ਸਰਕਾਰ ਜੋ ਚਾਹੇ ਕਰ ਸਕਦੀ ਹੈ। ਅਸਲ ਵਿੱਚ ਦੋਵੇਂ ਪਾਰਟੀਆਂ (ਅਕਾਲੀ ਦਲ ਤੇ ਕਾਂਗਰਸ) ਇਸ ਮੁੱਦੇ ਤੇ ਲੋਕਾਂ ਨੂੰ ਮੂਰਖ ਬਣਾ ਰਹੇ ਹਨ। ਜੇ ਪੰਜਾਬ ਵਿੱਚ ਸਾਡੀ ਸਰਕਾਰ ਆਉਂਦੀ ਹੈ ਤਾਂ ਅਸੀ ਪੂਰੀ ਮੁਸਤੈਦੀ ਨਾਲ ਇਸ ਕੇਸ ਦੀ ਪੈਰਵੀ ਕਰਾਂਗੇ ਤੇ ਪੰਜਾਬ ਨੂੰ ਉਸ ਦਾ ਬਣਦਾ ਹੱਕ ਦਿਵਾਉਣ ਦਾ ਯਤਨ ਕਰਾਂਗੇ।

ਸਵਾਲ:-ਪੰਜਾਬ ਵਿਧਾਨ ਸਭਾ ਚੋਣਾਂ ਨੂੰ ਮੁੱਖ ਰਖਦਿਆਂ ਤੁਹਾਡੀ ਪਾਰਟੀ ਦੇ ਚੋਣ ਮਨੋਰਥ ਪੱਤਰ ਵਿੱਚ ਕੀ ਨਵਾਂ ਹੋਵੇਗਾ?

ਜਵਾਬ:- ਪਹਿਲੀ ਗੱਲ ਅਸੀ ਜੋ ਚੋਣ ਮਨੋਰਥ ਪੱਤਰ (ਇਲੈਕਸ਼ਨ ਮੈਨੀਫੈਸਟੋ) ਫਾਇਵ ਸਟਾਰ ਹੋਟਲਾਂ ਵਿੱਚ ਬਹਿ ਕੇ ਤਿਆਰ ਨਹੀ ਕਰਨਾ, ਸਾਡੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ ਅਸੀ ਆਮ ਲੋਕਾਂ ਵਿੱਚ ਜਾਵਾਂਗੇ, ਉਨਾਂ ਦੀ ਰਾਇ ਲਵਾਂਗੇ ਤੇ ਉਨਾਂ ਦੀ ਹੀ ਰਾਇ ਨੂੰ ਮੈਨੀਫੈਸਟੋ ਵਿੱਚ ਸ਼ਾਮਲ ਕਰਾਂਗੇ। ਜਿਸ ਦੇ ਲਈ ਅਸੀ ਦਿੱਲੀ ਡਾਇਲਾਗ ਵਾਂਗ ਹੀ ਪੰਜਾਬ ਡਾਇਲੌਗ ਆਰੰਭ ਕਰ ਚੁੱਕੇ ਹਾਂ। ਜਿਸ ਨਾਲ ਅਸੀ ਪਿੰਡਾਂ ਤੇ ਸ਼ਹਿਰਾਂ ਵਿੱਚ ਜਾ ਕੇ ਲੋਕਾ ਦੀਆਂ ਸਮੱਸਿਆਵਾਂ ਨੂੰ ਇਸ ਵਿੱਚ ਸ਼ਾਮਲ ਕਰਾਂਗੇ।

ਸਵਾਲ:- ਕੀ ਅਰਵਿੰਦ ਕੇਜਰੀਵਾਲ ਪੰਜਾਬ ਦੇ ਮੁੱਖ ਮੰਤਰੀ ਅਹੁਦੇ ਦੇ ਦਾਅਵੇਦਾਰ ਹਨ ਜਾਂ ਫੇਰ ਤੁਸੀਂ?

ਜਵਾਬ :- ਸਾਡੀ ਪਾਰਟੀ "ਪਰਸਨੈਲਟੀ ਦੀ ਪਾਲਿਟਕਿਸ" ਨਹੀਂ ਕਰਦੀ ਅਸੀਂ ਅਸੂਲਾਂ ਦੀ ਰਾਜਨੀਤੀ ਕਰਦੇ ਹਾਂ ਬਾਕੀ ਦੋਵੇ ਪਾਰਟੀਆਂ ਦੇ ਮੁੱਖ ਮੰਤਰੀਆਂ ਦੀਆਂ ਸਰਕਾਰਾਂ ਨੂੰ ਜਨਤਾ ਨੇ ਕਈ ਵਾਰ ਅਜ਼ਮਾ ਕੇ ਦੇਖ ਲਿਆ ਹੈ ਇਸ ਵਾਰ ਵਾਰੀ ਸਾਡੀ ਹੈ। ਕੇਜਰੀਵਾਲ ਜੀ ਦਾ ਅਜੇ ਪੰਜਾਬ ਦੇ ਮੁਖ ਮੰਤਰੀ ਬਨਣ ਨੂੰ ਲੈ ਕੇ ਕੁੱਝ ਵੀ ਤੈਅ ਨਹੀ ਹੋਇਆ ਹੈ ਤੇ ਨਾ ਹੀ ਮੈਂ ਕੋਈ ਦਾਅਵੇਦਾਰੀ ਪੇਸ਼ ਕੀਤੀ ਹੈ। ਅਸੀ ਸਾਰੇ ਪਾਰਟੀ ਦੇ ਵਰਕਰ ਹਾਂ ਪਾਰਟੀ ਜਿਸ ਨੂੰ ਚਾਹੇ ਇਹ ਜ਼ਿੰਮੇਵਾਰੀ ਦੇ ਸਕਦੀ ਹੈ ਤੇ ਅਸੀ ਸਾਰੇ ਰਲ ਕੇ ਉਨਾਂ ਨੂੰ ਸਹਿਯੋਗ ਕਰਾਂਗੇ।

ਸਵਾਲ:- ਜਿਸ ਤਰਾਂ ਤੁਹਾਡੀ ਪਾਰਟੀ ਵਿੱਚ ਵੱਡੀ ਗਿਣਤੀ ਵਿੱਚ ਹੋਰਨਾਂ ਪਾਰਟੀਆਂ ਦੇ ਲੀਡਰਾਂ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ ਕਿ ਇਸ ਨਾਲ ਪਾਰਟੀ ਅਕਸ ਨੂੰ ਢਾਹ ਨਹੀ ਲੱਗ ਰਹੀ ਜੋ ਵੀ ਆਪਣੀ ਪਾਰਟੀ ਵਿਚੋ ਰੁੱਸਦਾ ਹੈ ਤੁਹਾਡੀ ਪਾਰਟੀ ਵਿੱਚ ਸ਼ਾਮਿਲ ਹੋ ਜਾਂਦਾ ਹੈ?

ਜਵਾਬ:- ਮੈਂ ਇੱਥੇ ਇਹ ਗੱਲ ਦੱਸਣਾ ਚਾਹੁੰਦਾ ਹਾਂ ਕਿ ਲੋਕ ਸਭਾ ਚੋਣਾਂ ਵੇਲੇ ਸਾਡੀ ਪਾਰਟੀ ਨੇ 24 ਪ੍ਰਤੀਸ਼ਤ ਦੇ ਕਰੀਬ ਵੋਟਾਂ ਹਾਸਲ ਕੀਤੀਆ ਸਨ ਜੋ ਕਿ ਕਿਸੀ ਵੀ ਨਵੀਂ ਪਾਰਟੀ ਲਈ ਵੱਡੀ ਗੱਲ ਸੀ ਬਾਕੀ ਸਾਡੀ ਪਾਰਟੀ ਦੀਆਂ ਲੋਕ ਪੱਖੀ ਨੀਤੀਆਂ ਕਾਰਣ ਵੱਧ ਤੋ ਵੱਧ ਲੋਕ ਸਾਡੀ ਪਾਰਟੀ ਵਿੱਚ ਸ਼ਮੂਲੀਅਤ ਕਰ ਰਹੇ ਹਨ ਜਿਸ ਲਈ ਸਾਡੀ ਪਾਰਟੀ ਦੇ ਦਰਵਾਜ਼ੇ ਹਮੇਸ਼ਾ ਖੁੱਲ੍ਹੇ ਹਨ ਤੇ ਇੱਕ ਗੱਲ ਹੋਰ ਦੂਜੀਆਂ ਪਾਰਟੀਆ ਵਿੱਚ ਵਰਕਰਾਂ ਤੇ ਅਹੁਦੇਦਾਰਾਂ ਦੀ ਕੋਈ ਕਦਰ ਨਹੀ ਹੈ ਤੇ ਟਿਕਟਾਂ ਦੇ ਬਦਲੇ ਕਰੋੜਾਂ ਰੁਪਏ ਮੰਗੇ ਜਾਂਦੇ ਹਨ। ਜੋ ਕੋਈ ਵੀ ਪਾਰਟੀ ਵਿੱਚ ਸ਼ਾਮਲ ਹੋ ਰਿਹਾ ਹੈ ਬਿਨਾਂ ਕਿਸੇ ਸ਼ਰਤ ਤੋਂ ਸ਼ਾਮਲ ਹੋ ਰਿਹਾ ਹੈ ।

ਸਵਾਲ:- ਕੀ ਪਾਰਟੀ ਰੁੱਸੇ ਹੋਏ ਆਗੂਆਂ ਨੂੰ ਮਨਾਉਣ ਲਈ ਕੋਈ ਚਾਰਜੋਈ ਕਰ ਰਹੀ ਹੈ?

ਜਵਾਬ:- ਮੈਂ ਪਟਿਆਲਾ ਸੰਸਦੀ ਹਲਕੇ ਤੋਂ ਮੈਂਬਰ ਪਾਰਲੀਮੈਂਟ ਡਾ: ਧਰਮਵੀਰ ਗਾਂਧੀ ਦੀ ਦਿਲੋਂ ਕਦਰ ਕਰਦਾ ਹਾਂ ਬਹੁਤ ਹੀ ਚੰਗੇ ਇਨਸਾਨ ਹਨ ਕਈ ਵਾਰ ਸਥਿਤਿਆਂ ਇਸ ਤਰ੍ਹਾਂ ਦੀਆਂ ਪੈਦਾ ਹੋ ਜਾਦੀਆਂ ਹਨ ਕਿ ਮਨਮੁਟਾਵ ਹੋ ਜਾਂਦੇ ਹਨ ਇਹੋ ਨਹੀ ਐਮ.ਪੀ ਹਰਿੰਦਰ ਖਾਲਸਾ ਤੇ ਯੋਗੇਂਦਰ ਯਾਦਵ ਨੂੰ ਮਨਾਉਣ ਦੀ ਕੋਸ਼ਿਸ ਨਹੀ ਕੀਤੀ ਇੰਨਾ ਬਾਗੀ ਹੋਏ ਲੀਡਰਾਂ ਵਲੋਂ ਵਾਰ-ਵਾਰ ਪਾਰਟੀ ਵਿਰੋਧੀ ਦਿੱਤੇ ਬਿਆਨਾਂ ਕਾਰਨ ਇਹ ਗੱਲ ਥਾਂਵੇ ਹੀ ਰੁੱਕ ਗਈ ਹੈ ਕਿਉਕਿ ਕਿਸੇ ਨੂੰ ਵੀ ਪਾਰਟੀ ਦਾ ਅਕਸ ਖਰਾਬ ਕਰਨ ਦਾ ਅਧਿਕਾਰ ਨਹੀ ਹੈ। ਅੱਜ ਉਹ ਜੋ ਹਨ ਪਾਰਟੀ ਕਰਕੇ ਹੀ ਹਨ।

ਸਵਾਲ:- ਕੀ ਤੁਹਾਡੀ ਪਾਰਟੀ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਹਿੱਸਾ ਲਵੇਗੀ?

ਜਵਾਬ:-ਸਾਡੀ ਪਾਰਟੀ ਐਸ.ਜੀ.ਪੀ.ਸੀ ਚੋਣਾਂ ਵਿੱਚ ਹਿੱਸਾ ਨਹੀਂ ਲਵੇਗੀ। ਮੇਰੇ ਮੁਤਾਬਕ ਤਾਂ ਕਿਸੇ ਵੀ ਸਿਆਸੀ ਪਾਰਟੀ ਨੂੰ ਇੰਨਾ ਚੋਣਾਂ ਵਿੱਚ ਹਿੱਸਾ ਨਹੀ ਲੈਣਾ ਚਾਹਿਦਾ। ਕਿਓਕਿ ਇਹ ਇੱਕ ਧਾਰਮਿਕ ਖੇਤਰ ਹੈ। ਬਾਕੀ ਮੈਂ ਇੱਕ ਸਿੱਖ ਹੋਣ ਦੇ ਨਾਤੇ ਚਿੰਤਤ ਜਰੂਰ ਹਾਂ। ਬਾਕੀ ਇਸ ਸਮੇਂ ਚੰਗੇ ਅਤੇ ਕੌਮ ਦੀ ਸੇਵਾਂ ਕਰਨ ਵਾਲੇ ਧਾਰਮਿਕ ਗੁਰੂਪਾਂ ਨੂੰ ਅੱਗੇ ਆਏਣਾ ਚਾਹਿਦਾ ਹੈ ਤਾਂ ਜੋ ਲੁਟੇਰਿਆਂ ਤੋਂ ਐਸ.ਜੀ.ਪੀ.ਸੀ ਆਜ਼ਾਦ ਕਰਵਾਈ ਜਾ ਸਕੇ।

ਸਵਾਲ:- ਪੰਜਾਬ ਦਾ ਖਜ਼ਾਨਾ ਖਾਲੀ ਹੈ ਜੇ ਤੁਹਾਡੀ ਸਰਕਾਰ ਆਉਂਦੀ ਹੈ ਤਾਂ ਕਿਸ ਤਰਾਂ ਪੰਜਾਬ ਦਾ ਵਿਕਾਸ ਕਰੋਗੇ?

ਜਵਾਬ:-ਦਿਲੀ ਨੂੰ ਤਾਂ ਅਜੇ ਪੂਰਣ ਰਾਜ ਦਾ ਦਰਜਾ ਵੀ ਪ੍ਰਾਪਤ ਨਹੀ ਹੈ। ਜਦੋ ਕੇਜਰੀਵਾਲ ਜੀ ਨੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਿਆ ਸੀ ਤਾਂ ਦਿੱਲੀ ਦਾ ਬਹੁਤ ਬੁਰਾ ਹਾਲ ਸੀ ਪਰ ਕੇਜਰੀਵਾਲ ਜੀ ਦੀ ਨੀਤੀਆਂ ਨੇ ਮੁੜ ਦਿੱਲੀ ਨੂੰ ਪੈਰਾਂ ਤੇ ਖੜਾ ਕਰਨ ਲਈ ਯਤਨ ਸ਼ੁਰੂ ਕੀਤੇ ਹੋਏ ਹਨ। ਸੋ ਇਸ ਤਰਾਂ ਪੰਜਾਬ ਨੂੰ ਵੀ ਮੁੜ ਪੈਰਾਂ ਦੇ ਖੜ੍ਹਾ ਕਰਨ ਲਈ ਨਵੀਆਂ ਨੀਤੀਆਂ ਲੈ ਕੇ ਆਵਾਂਗੇ।

ਆਖਰੀ ਸਵਾਲ:- ਕੀ ਕਹਿਣਾ ਚਾਹੋਗੇ ਬਾਹਰ ਵਸਦੇ ਪੰਜਾਬੀਆਂ ਨੂੰ?


ਜਵਾਬ:- ਮੈਂ ਤਾਂ ਜਾਂਦਾ ਜਾਂਦਾ ਇਹੋ ਕਹਿਣਾ ਚਾਹੁੰਦਾ ਹਾਂ ਕਿ ਪੰਜਾਬੀਓ ਪੰਜਾਬ ਨੂੰ ਮੁੜ ਲੀਹ ਤੇ ਲੈ ਕੇ ਆਉਣ ਲਈ ਆਮ ਆਦਮੀ ਪਾਰਟੀ ਦੀ ਮਦਦ ਕਰੋ ਤੇ ਮੋਢੇ ਨਾਲ ਮੋਢਾ ਜੋੜ ਕੇ ਸਾਡਾ ਸਾਥ ਦਿਉ ਤਾਂ ਜੋ ਅਸੀ ਸਾਰੇ ਮਿਲ ਕੇ ਕੰਗਾਲ ਹੁੰਦੇ ਜਾ ਰਹੇ ਪੰਜਾਬ ਨੂੰ ਮੁੜ ਰੰਗਲਾ ਪੰਜਾਬ ਬਣਾ ਸਕੀਏ। ਇਹੋ ਬੇਨਤੀ ਹੈ ਮੇਰੀ। ਧੰਨਵਾਦ।

# ਸੂ ਚੀ ਦੀ ਚੜ੍ਹਤ ਦੇ ਬਾਵਜੂਦ ਮਿਆਂਮਾਰ ਬਾਰੇ ਗ਼ੈਰਯਕੀਨੀ ਜਾਰੀ

**ਜੀ. ਪਾਰਥਾਸਾਰਥੀ**

ਫ਼ੌਜੀ ਜਰਨੈਲ ਨੇ ਵਿਨ ਨੇ 2 ਮਾਰਚ, 1962 ਨੂੰ ਬਰਮਾ (ਹੁਣ ਮਿਆਂਮਾਰ) ਦਾ ਰਾਸ਼ਟਰਪਤੀ ਬਣਨ ਮਗਰੋਂ ਸਾਰੀਆਂ ਤਾਕਤਾਂ ਭਾਵ ਸੱਤਾ ਦੀ ਵਾਗਡੋਰ ਆਪਣੇ ਹੱਥਾਂ ਵਿੱਚ ਲੈ ਲਈ ਸੀ। ਨੇ ਵਿਨ ਹਾਲਾਂਕਿ ਇਸ ਸਰਵਉੱਚ ਅਹੁਦੇ 'ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਵੀ ਹਾਕਮ ਵਜੋਂ ਵਿਚਰਦਾ ਸੀ, ਪਰ ਯਥਾਰਥ ਵਿੱਚ ਉਸ ਕੋਲ ਕਾਨੂੰਨੀ ਮਾਨਤਾ ਨਹੀਂ ਸੀ। ਇਸ ਤੋਂ ਬਾਅਦ ਦੇਸ਼ ਨੂੰ ਰਾਸ਼ਟਰਪਤੀ ਵਜੋਂ ਗ਼ੈਰ-ਫ਼ੌਜੀ ਸ਼ਾਸਕ ਦੀ ਚੋਣ ਕਰਨ ਲਈ ਪੰਜ ਦਹਾਕਿਆਂ (54 ਸਾਲ) ਤੋਂ ਵੀ ਵੱਧ ਸਮਾਂ ਲੱਗ ਗਿਆ। ਮਿਆਂਮਾਰ, ਜਿਹੜਾ ਕਦੇ ਖਣਿਜ ਭੰਡਾਰਾਂ ਤੇ ਖੇਤੀ ਪੱਖੋਂ ਸਮਰੱਥ ਸੀ, ਦੇ ਅਰਥਚਾਰੇ ਨੂੰ ਗਤੀਹੀਣ ਕਰਕੇ ਗੁਰਬਤ ਤੇ ਤਬਾਹੀ ਵੱਲ ਧੱਕਣ ਵਾਲੇ ਜਰਨੈਲ ਨੇ ਵਿਨ ਨੂੰ ਸੱਤਾ ਤੋਂ ਲਾਂਭੇ ਕਰਨ ਲਈ 26 ਸਾਲ ਲੱਗ ਗਏ। ਦੇਸ਼ ਦੀ ਆਜ਼ਾਦੀ ਦੇ ਨਾਇਕ ਜਨਰਲ ਆਂਗ ਸਾਨ ਦੀ ਧੀ ਆਂਗ ਸਾਨ ਸੂ ਚੀ ਦੀ ਅਗਵਾਈ ਵਿੱਚ 1990 ਵਿੱਚ ਨੈਸ਼ਨਲ ਲੀਗ ਆਫ਼ ਡੈਮੋਕਰੈਸੀ (ਐਨਐਲਡੀ) ਨੇ ਆਮ ਚੋਣਾਂ ਵਿੱਚ ਹੂੰਝਾ ਫੇਰ ਜਿੱਤ ਦਰਜ ਕੀਤੀ। ਚੋਣ ਨਤੀਜਾ ਭਾਵੇਂ ਕੁਝ ਵੀ ਸੀ, ਪਰ ਫ਼ੌਜ ਸੱਤਾ ਆਪਣੇ ਹੀ ਹੱਥਾਂ 'ਚ ਰੱਖਣ ਲਈ ਦ੍ਰਿੜ੍ਹ ਸੀ। ਇਹੀ ਵਜ੍ਹਾ ਹੈ ਕਿ ਫ਼ੌਜੀ ਹਾਕਮਾਂ ਨੇ ਦੋ ਦਹਾਕਿਆਂ ਦੇ ਆਪਣੇ ਕਾਰਜਕਾਲ ਦੌਰਾਨ ਸੰਵਿਧਾਨ 'ਚ ਅਜਿਹੀਆਂ ਤਰਮੀਮਾਂ ਕੀਤੀਆਂ, ਜੋ ਸੂ ਚੀ ਨੂੰ ਦੇਸ਼ ਦੇ ਸਰਵਉੱਚ ਅਹੁਦੇ ਲਈ ਯੋਗ ਹੋਣ ਤੋਂ ਰੋਕਦੀਆਂ ਸਨ। ਪਰ ਇਨ੍ਹਾਂ ਚਾਲਾਂ ਦੇ ਬਾਵਜੂਦ ਸੂ ਚੀ ਦੀ ਅਗਵਾਈ ਵਿੱਚ ਪਾਰਟੀ ਨੇ ਪਿਛਲੇ ਸਾਲ ਹੋਈਆਂ ਕੌਮੀ ਤੇ ਦੋ ਸੂਬਿਆਂ ਦੀਆਂ ਚੋਣਾਂ ਵਿੱਚ ਹੂੰਝਾ ਫੇਰ ਦਿੱਤਾ। ਇਸ ਜਿੱਤ ਨਾਲ ਐਨਐਲਡੀ ਨੂੰ ਨਾ ਸਿਰਫ਼ ਕੌਮੀ ਸਰਕਾਰ ਬਲਕਿ ਦੋ ਸੂਬਿਆਂ 'ਚ ਮੋਹਰੀ ਹੋ ਕੇ ਸਰਕਾਰ ਚਲਾਉਣ ਦਾ ਮੌਕਾ ਮਿਲ ਗਿਆ।

ਪੰਜ ਦਹਾਕਿਆਂ ਮਗਰੋਂ 30 ਮਾਰਚ ਨੂੰ ਸੂ ਚੀ ਦੇ ਵਿਸ਼ਵਾਸਪਾਤਰ ਤੇ ਸ਼ਾਂਤ ਸੁਭਾਅ ਵਾਲੇ ਅਰਥਸ਼ਾਸਤਰੀ ਹੇਤਿਨ ਕਯਾ, ਜਿਨ੍ਹਾਂ ਦੀ ਆਪਣਾ ਕੋਈ ਸਿਆਸੀ ਰਸੂਖ਼ ਜਾਂ ਪਛਾਣ ਨਹੀਂ ਹੈ, ਨੇ ਮਿਆਂਮਾਰ ਦੇ ਪਹਿਲੇ ਗ਼ੈਰ-ਫ਼ੌਜੀ ਰਾਸ਼ਟਰਪਤੀ ਵਜੋਂ ਸਹੁੰ ਚੁੱਕ ਲਈ। ਸੂ ਚੀ ਨੇ ਹੇਤਿਨ ਨੂੰ ਰਾਸ਼ਟਰਪਤੀ ਥਾਪ ਕੇ ਆਪਣੀ ਰਾਜਸੀ ਹੁਨਰਮੰਦੀ ਨਾਲ ਅਜਿਹਾ ਦਾਅ ਖੇਡਿਆ ਜਿਸ ਨਾਲ ਇੱਕ ਗੱਲ ਤਾਂ ਯਕੀਨੀ ਹੋ ਗਈ ਕਿ ਸਰਕਾਰ ਵਿੱਚ ਉਸ ਦੀ ਪੁੱਛ ਪ੍ਰਤੀਤ ਹਮੇਸ਼ਾ ਬਣੀ ਰਹੇਗੀ। ਉਂਧਰ, ਦੇਸ਼ ਵਿੱਚ ਜਮਹੂਰੀ ਢੰਗ-ਤਰੀਕੇ ਨਾਲ ਸਰਕਾਰ ਦੇ ਗਠਨ ਦੇ ਬਾਵਜੂਦ ਫ਼ੌਜ ਵੱਲੋਂ ਪੇਸ਼ ਸੰਵਿਧਾਨਕ ਖਰੜਾ ਇਸ ਗੱਲ ਦੀ ਜ਼ਾਮਨੀ ਭਰਦਾ ਹੈ ਕਿ ਸਰਕਾਰ ਵਿੱਚ ਫ਼ੌਜ ਦੀ ਭੂਮਿਕਾ ਵੀ ਅਹਿਮ ਰਹੇਗੀ। ਮਿਸਾਲ ਵਜੋਂ ਖਰੜੇ ਵਿੱਚ ਸਪਸ਼ਟ ਲਿਖਿਆ ਹੈ ਕਿ ਸੂ ਚੀ ਨੂੰ ਰਾਸ਼ਟਰਪਤੀ ਦੇ ਅਹੁਦੇ ਲਈ ਯੋਗ ਬਣਾਉਣ ਜਿਹੇ ਮੁੱਦਿਆਂ ਲਈ ਸੰਵਿਧਾਨਕ ਸੋਧ, ਫ਼ੌਜ ਦੀ ਰਜ਼ਾਮੰਦੀ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ। ਉਪ ਰਾਸ਼ਟਰਪਤੀ ਦੇ ਦੋ ਅਹੁਦਿਆਂ ਵਿੱਚੋਂ ਇੱਕ ਫ਼ੌਜ ਕੋਲ ਰਹੇਗਾ ਅਤੇ ਕੌਮੀ ਡਿਫੈਂਸ ਤੇ ਸੁਰੱਖਿਆ ਕੌਂਸਲ ਵਿੱਚ ਵੀ ਉਸੇ ਦਾ ਹੱਥ ਉੱਚਾ ਰਹੇਗਾ। ਗ੍ਰਹਿ, ਸੁਰੱਖਿਆ ਤੇ ਸਰਹੱਦੀ ਮਾਮਲਿਆਂ ਬਾਰੇ ਮੰਤਰਾਲੇ ਸਿੱਧੇ ਫ਼ੌਜ ਦੀ ਨਿਗਰਾਨੀ ਹੇਠ ਰਹਿਣਗੇ ਤੇ ਸਬੰਧਤ ਮੰਤਰੀ ਵੀ ਫ਼ੌਜ 'ਚੋਂ ਹੀ ਹੋਣਗੇ। ਸਭ ਤੋਂ ਆਖ਼ਿਰ 'ਚ ਨਸਲੀ ਬਗ਼ਾਵਤ ਜਿਹੇ ਮੁੱਦਿਆਂ, ਜਿਨ੍ਹਾਂ ਨੇ ਆਜ਼ਾਦੀ ਮਿਲਣ ਤੋਂ ਹੁਣ ਤਕ ਮੁਲਕ ਨੂੰ ਦੋਫਾੜ ਕੀਤਾ ਹੋਇਆ ਹੈ, ਉੱਤੇ ਨਜ਼ਰਸਾਨੀ ਦਾ ਕੰਮ ਫ਼ੌਜ ਦੇ ਕਮਾਂਡਰ ਇਨ ਚੀਫ਼ ਸੀਨੀਅਰ ਜਰਨੈਲ ਔਂਗ ਹਲਿਆਂਗ ਕੋਲ ਹੀ ਰਹੇਗਾ।



ਐਨਐਲਡੀ ਆਗੂ ਸੂ ਚੀ ਨੇ ਸਰਕਾਰ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਆਪਣੀ ਸੂਝ-ਬੂਝ ਨਾਲ ਮੰਤਰਾਲਿਆਂ ਦੀ ਗਿਣਤੀ ਵਿੱਚ ਕਟੌਤੀ ਕੀਤੀ ਹੈ, ਪਰ ਉਹ ਹੁਸ਼ਿਆਰੀ ਨਾਲ ਹੀ ਚਾਲ ਚੱਲਦਿਆਂ ਅਹਿਮ ਜ਼ਿੰਮੇਵਾਰੀਆਂ ਤੇ ਵਿਭਾਗ ਖ਼ੁਦ ਕੋਲ ਰੱਖਣ ਵਿੱਚ ਸਫ਼ਲ ਰਹੀ ਹੈ। ਵਿਦੇਸ਼ ਮਾਮਲੇ, ਸਿੱਖਿਆ, ਊਰਜਾ ਤੇ ਬਿਜਲੀ ਮੰਤਰਾਲੇ ਜਿਹੇ ਅਹਿਮ ਵਿਭਾਗ ਉਸੇ ਕੋਲ ਹਨ। ਇੱਥੋਂ ਤਕ ਕਿ ਰਾਸ਼ਟਰਪਤੀ ਦਫ਼ਤਰ ਦੀ ਮੁਖੀ ਵੀ ਉਹ ਆਪ ਹੀ ਹੈ। ਵਿਦੇਸ਼ ਮੰਤਰੀ ਹੋਣ ਦੇ ਨਾਤੇ ਉਹ ਦੇਸ਼ ਦੀ ਸਭ ਤੋਂ ਤਾਕਤਵਰ 11 ਮੈਂਬਰੀ ਕੌਮੀ ਡਿਫੈਂਸ ਤੇ ਸੁਰੱਖਿਆ ਕੌਂਸਲ ਵਿੱਚ ਵੀ ਸ਼ਾਮਲ ਹੈ। ਰਾਸ਼ਟਰਪਤੀ ਦਫ਼ਤਰ ਦੀ ਮੁਖੀ ਹੋਣ ਦੇ ਨਾਤੇ ਅਹਿਮ ਨਿਯੁਕਤੀਆਂ ਸਮੇਤ ਆਰਥਿਕ ਤੇ ਵਿਕਾਸ ਯੋਜਨਾਵਾਂ ਨੂੰ ਅਮਲੀ ਜਾਮਾ ਪਹਿਨਾਉਣ ਮੌਕੇ ਲਏ ਜਾਣ ਵਾਲੇ ਫ਼ੈਸਲਿਆਂ ਵਿੱਚ ਵੀ ਉਸ ਦੀ ਸ਼ਮੂਲੀਅਤ ਲਾਜ਼ਮੀ ਹੋਵੇਗੀ। ਪਰ ਉਸ ਨੇ 'ਸਟੇਟ ਕੌਂਸਲਰ' ਲਈ ਆਪਣੇ ਨਾਂ ਦੀ ਕਾਨੂੰਨਨ ਪ੍ਰਵਾਨਗੀ ਲੈ ਕੇ ਨਵਾਂ ਵਿਵਾਦ ਸਹੇੜ ਲਿਆ ਹੈ, ਕਿਉਂਕਿ ਇਸ ਅਹੁਦੇ ਲਈ ਸਹਿਮਤੀ ਦੇਣਾ ਜਾਂ ਨਾ, ਰਾਸ਼ਟਰਪਤੀ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ।

ਸੂ ਚੀ ਨੇ ਨਸਲੀ ਮਸਲਿਆਂ ਨਾਲ ਨਜਿੱਠਣ ਲਈ ਇੱਕ ਵੱਖਰੇ ਮੰਤਰਾਲੇ ਦਾ ਗਠਨ ਕੀਤਾ ਹੈ ਜੋ ਕਿ ਦਹਾਕਿਆਂ ਤੋਂ ਚੱਲਦੇ ਆ ਰਹੇ ਨਸਲੀ ਸੰਘਰਸ਼ ਨੂੰ ਠੱਲ੍ਹਣ 'ਚ ਮੁੱਖ ਭੂਮਿਕਾ ਨਿਭਾਏਗਾ। ਸਾਬਕਾ ਰਾਸ਼ਟਰਪਤੀ ਥੀਨ ਸੀਨ ਨੇ ਪਿਛਲੇ ਸਾਲ ਨਸਲੀ ਮੇਲ-ਮਿਲਾਪ ਨੂੰ ਹੁਲਾਰਾ ਦੇਣ ਤੇ ਬਹਾਲ ਕਰਨ ਲਈ ਯਤਨ ਤਾਂ ਕੀਤੇ, ਪਰ ਉਨ੍ਹਾਂ ਨੂੰ ਇਸ ਵਿੱਚ ਅੰਸ਼ਕ ਸਫ਼ਲਤਾ ਹੀ ਮਿਲੀ। 18 ਵਿੱਚੋਂ ਸਿਰਫ਼ 8 ਹਥਿਆਰਬੰਦ ਨਸਲੀ ਗਰੁੱਪਾਂ ਨੇ ਹੀ ਰਸਮੀ ਜੰਗਬੰਦੀ ਲਈ ਹਾਮੀ ਭਰੀ। ਇਨ੍ਹਾਂ ਵਿੱਚੋਂ ਸਭ ਤੋਂ ਤਾਕਤਵਰ ਹਥਿਆਰਬੰਦ ਗਰੁੱਪਾਂ ਜੋ ਕਿ ਚੀਨ ਦੀ ਸਰਹੱਦ ਨਾਲ ਲੱਗਦੇ ਸ਼ਾਨ ਸੂਬੇ ਅਤੇ ਭਾਰਤ ਤੇ ਚੀਨ ਦੋਵਾਂ ਦੀ ਸਰਹੱਦ ਨਾਲ ਜੁੜੇ ਕਾਚਿਨ ਸੂਬੇ ਵਿੱਚ ਸਰਗਰਮ ਹਨ, ਨੇ ਜੰਗਬੰਦੀ ਦੇ ਇਸ ਸਮਝੌਤੇ 'ਤੇ ਸਹੀ ਪਾਉਣ ਤੋਂ ਕੋਰੀ ਨਾਂਹ ਕਰ ਦਿੱਤੀ ਹੈ। ਮਿਆਂਮਾਰ ਦੀ ਨਵੀਂ ਸਰਕਾਰ ਦੀ ਅਸਲ ਪ੍ਰੀਖਿਆ ਨਸਲੀ ਸੰਘਰਸ਼ ਨੂੰ ਥੰਮ ਕੇ ਮੇਲ-ਮਿਲਾਪ ਵਾਲਾ ਮਾਹੌਲ ਮੁੜ ਬਹਾਲ ਕਰਨ ਦੀ ਯੋਗਤਾ ਸਿੱਧ ਕਰਨ ਤੋਂ ਹੋਵੇਗੀ। ਸੂ ਕੀ ਨੂੰ ਇਨ੍ਹਾਂ ਚੁਣੌਤੀਆਂ ਦਾ ਟਾਕਰਾ ਕਰਨ ਮੌਕੇ ਨਾ ਸਿਰਫ਼ ਨਸਲੀ ਗੁੱਟਾਂ ਬਲਕਿ ਮਿਆਂਮਾਰ ਦੀ ਫ਼ੌਜ ਤੋਂ ਵੀ ਮੁਸ਼ਕਿਲਾਂ ਦਰਪੇਸ਼ ਰਹਿਣਗੀਆਂ। ਮਿਆਂਮਾਰ ਨੂੰ ਦੇਸ਼ ਦੇ ਅੰਦਰ ਤੇ ਬਾਹਰ ਦੋਵਾਂ ਫਰੰਟਾਂ 'ਤੇ ਕਈ ਮੁਸ਼ਕਿਲਾਂ ਨਾਲ ਲੜਨਾ ਪੈ ਰਿਹਾ ਹੈ। ਬਾਹਰੀ ਫ਼ਰੰਟ 'ਤੇ ਚੀਨ ਨਾਲ ਸਿੱਝਣਾ ਉਸ ਲਈ ਵੱਡੀ ਚੁਣੌਤੀ ਹੈ ਕਿਉਂਕਿ ਚੀਨ ਦੇ ਕਈ ਮਾਲੀ ਪ੍ਰਾਜੈਕਟ ਚੱਲ ਰਹੇ ਹਨ। ਇਨ੍ਹਾਂ 'ਤੇ ਮਿਆਂਮਾਰ ਸਰਕਾਰ ਨਾ ਤਾਂ ਕਦੇ ਬੰਦਿਸ਼ਾਂ ਲਾਉਂਦੀ ਹਨ ਤੇ ਨਾ ਹੀ ਕਦੇ ਕੋਈ ਗੰਭੀਰ ਇਤਰਾਜ਼ ਜਤਾਇਆ ਹੈ। ਵਾ ਕਬੀਲੇ ਵੱਲੋਂ ਚੀਨ ਵਿਚਲੇ ਅੱਡਿਆਂ ਤੋਂ ਮਿਆਂਮਾਰ ਦੇ ਖੇਤਰ ਵਿੱਚ ਕੀਤੇ ਹਮਲਿਆਂ ਨਾਲ ਦੋਵਾਂ ਮੁਲਕਾਂ ਦੀ ਸ਼ਾਨ ਸੂਬੇ 'ਚ ਸਰਹੱਦਾਂ 'ਤੇ ਤਣਾਅ ਵੱਧ ਗਿਆ ਹੈ। ਚੀਨ ਦਾ ਕਾਚਿਨ ਇੰਡੀਪੈਂਡੈਂਸ ਆਰਮੀ ਨਾਲ ਨੇੜਲਾ ਰਿਸ਼ਤਾ ਹੈ, ਜੋ ਚੀਨ ਦੇ ਯੁਨਨਾਨ ਤੇ ਮਿਆਂਮਾਰ ਦੇ ਕਾਚਿਨ ਸੂਬਿਆਂ ਦੀ ਸਾਂਝੀ ਸਰਹੱਦ 'ਤੇ ਸਰਗਰਮ ਹੈ। ਭਾਰਤ ਦੇ ਉੱਤਰ-ਪੂਰਬੀ ਸੂਬਿਆਂ-ਅਸਾਮ, ਨਾਗਾਲੈਂਡ ਤੇ ਮਨੀਪੁਰ ਵਿੱਚ ਸਰਗਰਮ ਹਥਿਆਰਬੰਦ ਬਾਗ਼ੀ ਲੋੜ ਪੈਣ 'ਤੇ ਇਨ੍ਹਾਂ ਸਰਹੱਦੀ ਖੇਤਰਾਂ ਵਿੱਚ ਹੀ ਸ਼ਰਨ ਲੈਂਦੇ ਹਨ ਤੇ ਅੱਗੇ ਚੀਨ ਦੇ ਯੁਨਨਾਨ ਸੂਬੇ ਨਾਲ ਵੀ ਜੁੜੇ ਰਹਿੰਦੇ ਨੇ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਮਿਆਂਮਾਰ ਤੋਂ ਆਰਥਿਕ ਤੇ ਸਫ਼ਾਰਤੀ ਰਿਆਇਤਾਂ ਲੈਣ ਲਈ ਚੀਨ ਇਨ੍ਹਾਂ ਹਥਿਆਰਬੰਦ ਗੁੱਟਾਂ ਨਾਲ ਸਬੰਧਾਂ ਨੂੰ ਢਾਲ ਬਣਾ ਸਕਦਾ ਹੈ। ਸੂ ਚੀ ਹਾਲਾਂਕਿ ਚੀਨ ਫੇਰੀ ਦੌਰਾਨ ਰਾਸ਼ਟਰਪਤੀ ਸ਼ੀ ਚਿਨਫਿੰਗ ਨੂੰ ਮਿਲ ਚੁੱਕੀ ਹੈ, ਪਰ ਚੀਨ ਨੂੰ ਉਸ ਦੀਆਂ ਅਮਰੀਕਾ ਤੇ ਬਰਤਾਨੀਆ ਨਾਲ ਨਜ਼ਦੀਕੀਆਂ ਨੂੰ ਲੈ ਕੇ ਅਜੇ ਵੀ ਕਈ ਤਰ੍ਹਾਂ ਦੇ ਖ਼ਦਸ਼ੇ ਹਨ।

ਉਂਧਰ, ਮਿਆਂਮਾਰ ਦੇ ਆਸੀਆਨ ਭਾਈਵਾਲਾਂ ਦੇ ਮਨਾਂ ਵਿੱਚ ਕਈ ਤਰ੍ਹਾਂ ਦੇ ਸ਼ੱਕ-ਸ਼ੁਬਹੇ ਹਨ। ਆਸੀਆਨ ਮੈਂਬਰ ਦੇਸ਼ ਸੂ ਚੀ 'ਤੇ ਨਜ਼ਰਾਂ ਟਿਕਾਈ ਬੈਠੇ ਹਨ ਕਿ ਉਹ ਆਸੀਆਨ ਸਮੂਹ ਨਾਲ ਸਬੰਧਾਂ ਨੂੰ ਕਿਵੇਂ ਅੱਗੇ ਤੋਰਦੀ ਹੈ। ਆਸੀਆਨ ਵੱਲੋਂ ਫ਼ੌਜੀ ਹਾਕਮਾਂ ਦੀ ਹਮਾਇਤ ਕੀਤੇ ਜਾਣ ਨੂੰ ਲੈ ਕੇ ਸੂ ਚੀ ਨਾਖ਼ੁਸ਼ ਹੈ। ਭਾਰਤ ਦੀ ਗੱਲ ਕਰੀਏ ਤਾਂ ਇੱਥੇ ਸੂ ਚੀ ਦੇ ਨਿੱਜੀ ਦੋਸਤਾਂ ਦਾ ਘੇਰਾ ਕਾਫ਼ੀ ਮੋਕਲਾ ਹੈ। ਨਵੀਂ ਦਿੱਲੀ ਵਿੱਚ ਜਦੋਂ ਉਸ ਦੀ ਮਾਂ ਬਰਮਾ ਦੀ ਸਫ਼ੀਰ ਵਜੋਂ ਤਾਇਨਾਤ ਸੀ ਤਾਂ ਉਸ ਨੇ ਇਸੇ ਅਰਸੇ ਦੌਰਾਨ ਮੁਕਾਮੀ ਲੇਡੀ ਸ੍ਰੀ ਰਾਮ ਕਾਲਜ ਤੋਂ ਗਰੈਜੂਏਸ਼ਨ ਦੀ ਪੜ੍ਹਾਈ ਕਰਦਿਆਂ ਕੌਮੀ ਰਾਜਧਾਨੀ ਵਿੱਚ ਕਈ ਸਾਲ ਬਿਤਾਏ। ਸੂ ਚੀ ਇਹ ਗੱਲ ਭਲੀਭਾਂਤ ਜਾਣਦੀ ਹੈ ਕਿ ਭਾਰਤ ਨੇ ਜਿੱਥੇ ਫ਼ੌਜੀ ਹਕੂਮਤ ਵਾਲੇ ਮਿਆਂਮਾਰ ਵਿੱਚ ਜਮਹੂਰੀਅਤ ਦੀ ਬਹਾਲੀ ਲਈ ਕੀਤੇ ਯਤਨਾਂ ਨੂੰ ਹਮੇਸ਼ਾ ਹੱਲਾਸ਼ੇਰੀ ਦਿੱਤੀ ਹੈ, ਉੱਥੇ ਭਾਰਤ ਗਾਹੇ-ਬਗਾਹੇ ਉੱਚ ਪੱਧਰ 'ਤੇ ਮਿਆਂਮਾਰ ਦੇ ਫ਼ੌਜੀ ਹਾਕਮਾਂ ਕੋਲ ਆਪਣੀ ਇਸ ਬਾਰੇ ਰਾਇ ਜ਼ਾਹਰ ਵੀ ਕਰਦਾ ਰਿਹਾ ਹੈ। ਪਰ ਕੌਮੀ ਸੁਰੱਖਿਆ ਨੂੰ ਲੈ ਕੇ ਭਾਰਤ ਦੀਆਂ ਆਪਣੀਆਂ ਪ੍ਰਤੀਬੱਧਤਾਵਾਂ ਹਨ, ਜਿਨ੍ਹਾਂ ਨੂੰ ਗੁਆਂਢੀ ਮੁਲਕ ਨਾਲ ਚੰਗੇ ਤੇ ਦੋਸਤਾਨਾ ਸਬੰਧਾਂ ਦੇ ਮੱਦੇਨਜ਼ਰ ਬਣਾਏ ਰੱਖਣਾ ਪੈਂਦਾ ਹੈ।

# ਆਪ ਜੀ ਦੀ ਨਜ਼ਰ ਗੋਚਰੇ

ਗੁਰਮੀਤ ਸਿੰਘ ਪਲਾਹੀ

ਇੱਕ ਪੰਜਾਬ, ਪੰਜਾਬ 'ਚ ਵਸਦਾ ਹੈ। ਇੱਕ ਪੰਜਾਬ, ਪੰਜਾਬੋਂ ਬਾਹਰ ਵਸਦਾ ਹੈ, ਸੱਤ ਸਮੁੰਦਰੋਂ ਪਾਰ! ਉਸ ਪੰਜਾਬ'ਚ ਵਸਦੇ ਪੰਜਾਬੀਆਂ ਦੇ ਮਨ 'ਚ ਆਪਣੇ ਪਿੱਛੇ ਛੱਡੇ ਪੰਜਾਬ ਲਈ ਅੰਤਾਂ ਦੀ ਤੜਪ ਹੈ। ਇੱਕ ਇਹੋ ਜਿਹੀ ਤੜਪ ਜਿਸਦਾ ਹੱਦ-ਬੰਨਾ ਹੀ ਕੋਈ ਨਹੀਂ! ਜੇ ਉਹ ਪੰਜਾਬ, ਰਤਾ ਮਾਸਾ ਖੁਸ਼ਹਾਲ ਹੋਇਆ ਹੈ, ਉਹ ਇਧਰਲੇ ਪੰਜਾਬ ਦੀ ਖੁਸ਼ਹਾਲੀ ਮੰਗਦਾ ਹੈ। ਜੇ ਉਸ ਪੰਜਾਬ ਦੇ ਪੰਜਾਬੀਆਂ ਦਾ ਰਤਾ ਢਿੱਡ ਭਰਨ ਲੱਗਿਆ ਹੈ , ਤਾਂ ਉਹ ਇਧਰਲੇ ਪੰਜਾਬੀਆਂ ਦਾ ਢਿੱਡ ਭਰਿਆ ਵੀ ਵੇਖਣਾ ਚਾਹੁੰਦਾ ਹੈ, ਉਹਨਾਂ ਉਪਰ ਛੱਤ ਵੀ ਵੇਖਣਾ ਚਾਹੁੰਦਾ ਹੈ ਅਤੇ ਨਾਲ ਹੀ ਚਾਹੁੰਦਾ ਹੈ, ਉਹ ਸਭ ਜੋ ਕੁਝ ਜੋ ਉਹਨੂੰ ਬਾਹਰਲੇ ਪੰਜਾਬ 'ਚ ਮਿਲਿਆ ਹੈ। ਉਹ ਚਾਹੁੰਦਾ ਹੈ। ਇਧਰਲੇ ਪੰਜਾਬ ਨੂੰ ਵੀ ਮਿਲੇ ਪੂਰਨ ਰੁਜ਼ਗਾਰ, ਪੂਰਨ ਮਨੁੱਖੀ ਅਧਿਕਾਰ, ਹੱਸਦਾ ਵੱਸਦਾ ਭਰਪੂਰ ਜੀਵਨ, ਸਿਰ ਤੇ ਛੱਤ ਚੰਗੀ ਸਿਹਤ, ਚੰਗੀ ਸਿੱਖਿਆ, ਸਵੱਛ ਵਾਤਾਵਰਨ ਅਤੇ ਤਨਾਅ ਰਹਿਤ ਜ਼ਿੰਦਗੀ। ਉਹ ਪੰਜਾਬ, ਜਿਹੜਾ ਕੈਨੇਡਾ ਦੇ ਬ੍ਰਿਟਿਸ਼ ਕਲੰਬੀਆ 'ਚ ਵਸਦਾ ਹੈ, ਉਹ ਪੰਜਾਬ ਜਿਹੜਾ ਅਮਰੀਕਾ ਦੇ ਕੈਲੇਫੋਰਨੀਆ 'ਚ ਰਹਿੰਦਾ ਹੈ, ਉਹ ਪੰਜਾਬ ਜਿਹੜਾ ਬਰਤਾਨੀਆਂ, ਅਸਟਰੇਲੀਆ 'ਚ ਆਪਣੀ ਹੋਂਦ ਬਣਾਈ ਬੈਠਾ ਹੈ ਅਤੇ ਉਹ ਪੰਜਾਬ ਜਿਸਨੇ ਵਿਦੇਸ਼ੀ ਧਰਤੀ ਤੇ ਰਹਿਕੇ ਰਾਜਨੀਤਕ, ਸਮਾਜਿਕ ਖੇਤਰਾਂ'ਚ ਮੱਲਾਂ ਮਾਰੀਆਂ ਹਨ, ਬਰਾਬਰ ਦੇ ਮਨੁੱਖੀ ਅਧਿਕਾਰ ਮਾਣੇ ਹਨ, ਚੰਗੀਆਂ ਸਿਹਤ, ਸਿੱਖਿਆ, ਸਹੂਲਤਾਂ ਦੇ ਰੰਗ ਵੇਖੇ ਹਨ, ਚੰਗਾ ਵਾਤਾਵਰਨ ਹੰਢਾਇਆ ਹੈ, ਆਪਣੇ ਅਤੇ ਆਪਣੀ ਔਲਾਦ ਲਈ ਉਥੇ ਰਹਿਕੇ ਲਗਭਗ ਬਰਾਬਰ ਦੇ ਹੱਕ ਹੰਢਾਏ ਹਨ। ਆਪਣੀ ਬੋਲੀ, ਆਪਣੇ ਸਭਿਆਚਾਰ ਦੀ ਪ੍ਰਫੁਲਤਾ ਲਈ , ਇੱਕ ਸਦੀ ਤੋਂ ਉਪਰ ਵਿਦੇਸ਼ੀ ਧਰਤੀਆਂ ਤੇ ਰਹਿਕੇ ਯਤਨ ਹੀ ਨਹੀਂ ਕੀਤੇ , ਪ੍ਰਾਪਤੀਆਂ ਵੀ ਕੀਤੀਆਂ ਹਨ, ਜਿਨ੍ਹਾਂ 'ਤੇ ਉਹ ਪੰਜਾਬ ਮਾਣ ਕਰਦਾ ਹੈ। ਪਰ ਸਤ ਸਮੁੰਦਰੋਂ ਪਾਰ ਦਾ ਪੰਜਾਬ ਆਪਣੇ ਪਿਆਰੇ ਜੱਦੀ ਪੰਜਾਬ ਬਾਰੇ ਇੰਨਾ ਚਿੰਤਤ ਕਿਉਂ ਹੈ?

ਉਧਰ ਪੰਜਾਬ, ਉਦੋਂ ਤੜਫਦਾ ਹੈ ਜਦੋਂ ਇਧਰਲੇ ਪੰਜਾਬ ਨੂੰ ਵੱਖੋ ਵੱਖਰੇ ਖੇਤਰਾਂ 'ਚ ਤਰੱਕੀ ਕੀਤੀ ਨਾ ਵੇਖਕੇ ਉਹ ਮੁਰਝਾਇਆ ਵੇਖਦਾ ਹੈ। ਉਹ ਮਾਯੂਸ ਹੁੰਦਾ ਹੈ , ਜਦੋਂ ਹਿੰਦੋਸਤਾਨ ਦੇ ਢਿੱਡ ਭਰਨ ਵਾਲੇ ਕਿਸਾਨ ਨੂੰ ਉਹ ਖੁਦਕੁਸ਼ੀ ਕੀਤਿਆਂ ਵੇਖਦਾ ਹੈ ਮਜ਼ਦੂਰਾਂ ਨੂੰ ਖਾਲੀ ਢਿੱਡ, ਨੌਜਵਾਨਾਂ ਨੂੰ ਬਿਨ੍ਹਾਂ ਰੁਜ਼ਗਾਰ ਨਸ਼ਿਆਂ 'ਚ ਲੱਥ ਪੱਥ, ਬੱਚੀਆਂ ਦੇ ਔਰਤਾਂ ਦੇ ਪੇਟ 'ਚ ਕਤਲ , ਰਿਸ਼ਤਿਆਂ 'ਚ ਚਿੱਟੇ ਖੂਨ ਦੇ ਪਸਾਰੇ , ਸੂਬੇ 'ਚ ਫੈਲੀ ਅਰਾਜ਼ਕਤਾ, ਤਕੜੇ ਦੇ ਸੱਤੀਂ ਬੀਹੀਂ ਸੌ ਅਤੇ ਰਾਜਨੀਤਕ ਲੋਕਾਂ ਦੀਆਂ ਚੁਸਤੀਆਂ ਚਲਾਕੀਆਂ ਦੀਆਂ ਖ਼ਬਰਾਂ ਪੜ੍ਹਦਾ ਹੈ। ਕੀ ਉਸਨੂੰ ਇਹ ਹੈਰਾਨੀ ਹੋਣੀ ਸੁਭਾਵਿਕ ਨਹੀਂ ਕਿ ਕੈਨੇਡਾ ਦੇ ਬ੍ਰਿਟਿਸ਼ ਕਲੰਬੀਆਂ ਸੂਬੇ 'ਚ ਉਨ੍ਹਾਂ ਦੀ ਮਾਂ ਬੋਲੀ ਪੰਜਾਬੀ ਨੂੰ ਤੀਜਾ ਸਥਾਨ ਪ੍ਰਾਪਤ ਹੋਵੇ ਅਤੇ ਇਧਰਲੇ ਪੰਜਾਬ 'ਚ ਮਾਂ ਬੋਲੀ ਪੰਜਾਬੀ ਜਿਹਦੇ ਅਧਾਰ ਤੇ ਅੱਧੀ ਸਦੀ ਪਹਿਲਾਂ ਸੂਬਾ ਬਣਿਆ ਹੋਵੇ , ਉਹ ਗਲੀ ਗਲੀ ਰੁਲਦੀ ਹੋਵੇ, ਸਕੂਲਾਂ ਦਫਤਰਾਂ 'ਚ ਉਹਦੀ ਪੁੱਛ ਨਾ ਹੋਵੇ, ਤੇ ਉਥੇ ਹਮਕੋ ਤੁਮਕੋ ਅਤੇ ਗੁੱਡ , ਵੈਰੀ ਗੁੱਡ ਨੂੰ ਉਹਦੇ ਤੋਂ ਉਪਰਲਾ ਸਥਾਨ ਮਿਲਿਆ ਹੋਵੇ। ਬਹੁਤ ਪ੍ਰੇਸ਼ਾਨ ਹੈ ਉਹ ਇਹ ਸੁਣਕੇ, ਜਾਣਕੇ, ਵੇਖਕੇ ਕਿ ਪਿਛਲੇ ਦੋ ਦਹਾਕਿਆਂ ਨੇ ਇਧਰੇ ਪੰਜਾਬ ਦੇ 10000 ਤੋਂ ਉਪਰ ਜੁਝਾਰੂ ਕਿਸਾਨਾਂ ਨੇ ਕਰਜ਼ੇ ਕਾਰਨ ਖੁਦਕੁਸ਼ੀ ਨੂੰ ਪ੍ਰਣਾਇਆ ਹੈ ਅਤੇ ਇਹ ਜਾਣਕੇ ਤਾਂ ਉਹ ਮੱਥਾ ਫੜਕੇ ਹੀ ਬੈਠ ਗਿਆ ਹੈ ਕਿ ਉਹ ਪੰਜਾਬ , ਜਿਸਨੇ ਅਨਾਜ ਦੇ ਉਤਪਾਦਨ ਲਈ ਸਾਲ 2013-14 ਲਈ ਇੱਕ ਕਰੋੜ ਟਨ ਸਲਾਨਾ ਅਨਾਜ ਉਤਪਾਦਨ ਲਈ "ਕ੍ਰਿਸ਼ੀ ਕਰਮਨ ਪੁਰਸਕਾਰ" ਪ੍ਰਾਪਤ ਕੀਤਾ ਸੀ , ਉਹ ਜੇਤੂ ਸੂਬਾ ਪੰਜਾਬ 2014-15 ਦੇ ਪੁਰਸਕਾਰਾਂ ਦੀ ਕਿਸੇ ਵੀ ਸੂਚੀ 'ਚ ਆਪਣਾ ਨਾਂਅ ਦਰਜ਼ ਕਰਵਾਉਣ 'ਚ ਨਾਕਾਮ ਰਿਹਾ ਹੈ । ਵੱਖ ਵੱਖ ਵਰਗਾਂ ਤਹਿਤ ਦਿਤੇ ਖੇਤਬਾੜੀ ਬਾਰੇ ਪੁਰਸਕਾਰਾਂ ਵਿਚੋਂ ਕਿਸੇ ਵੀ ਵਰਗ ਵਿੱਚ ਪੰਜਾਬ ਦਾ ਨਾਂ ਸ਼ਾਮਲ ਨਹੀ। ਸੂਬੇ ਮੱਧ ਪ੍ਰਦੇਸ਼ ਨੂੰ ਇਕ ਕਰੋੜ ਟਨ ਤੋਂ ਵੱਧ ਦਾ ਅਨਾਜ ਪੈਦਾ ਕਰਨ ਲਈ ਕ੍ਰਿਸ਼ੀ ਕਰਮਨ ਪੁਰਸਕਾਰ ਪਹਿਲਾ ਇਨਾਮ , ਉੜੀਸਾ ਨੂੰ 10 ਲੱਖ ਟਨ ਤੋਂ ਇੱਕ ਕਰੋੜ ਟਨ ਦਾ ਉਤਪਾਦਨ ਕਰਨ ਦੇ ਵਰਗ ਤਹਿਤ ਦੂਜੇ ਇਨਾਮ ਮਿਲਿਆ। ਫਸਲਾਂ ਦੇ ਆਧਾਰ 'ਤੇ ਹਰਿਆਣਾ ਨੂੰ ਸਭ ਤੋਂ ਵੱਧ ਚੌਲਾਂ ਦੇ ਉਤਪਾਦਨ ਲਈ , ਜਦ ਕਿ ਕਣਕ ਲਈ ਰਾਜਸਥਾਨ, ਦਾਲਾਂ ਲਈ ਛਤੀਸਗੜ੍ਹ, ਮੋਟੇ ਅਨਾਜ ਲਈ ਤਾਮਿਲਨਾਡੂ ਨੂੰ ਇਨਾਮ ਦਿਤੇ ਗਏ। ਜਦ ਕਿ ਪੰਜਾਬ ਦੇ ਖੇਤੀ ਇਨਾਮਾਂ ਨੂੰ ਚਿੱਟੀ ਮੱਖੀ, ਚਿੱਟੇ ਮੱਛਰ ਅਤੇ ਰਾਜਨੀਤਕ ਲੋਕਾਂ ਦੀ ਕੁਚਾਲਾਂ ਨੇ ਨਿਗਲ ਲਿਆ।

ਪ੍ਰੇਸ਼ਾਨ ਹੈ , ਇਧਰਲਾ ਉਧਰਲਾ ਪੰਜਾਬ ਤੇ ਪੰਜਾਬੀ ਕਿ ਆਪਣੇ ਪੈਰੀਂ ਆਪ ਕੁਹਾੜਾ ਮਾਰਕੇ ਰਾਜਨੀਤਕਾਂ ਨੇ ਪੰਜਾਬ ਦਾ ਪਾਣੀ ਗੁਆ ਲਿਆ। ਧਰਤੀ ਹੇਠਲਾ ਪਾਣੀ ਗੁਆਇਆ, ਨਹਿਰੀ ਸਿੰਚਾਈ ਸਾਧਨ ਤਬਾਹ ਕਰ ਲਏ। ਅੱਡੀਆਂ ਚੁੱਕੇ ਕੇ ਫਾਹਾ ਲੈਣ ਵਾਂਗਰ, ਇਥੋਂ ਦੇ ਸਾਜ਼ਿਸ਼ੀ ਨੇਤਾਵਾਂ, ਕਿਸਾਨਾਂ ਨੂੰ ਮਹਿੰਗੀ ਖੇਤੀ ਕਰਨ ਲਈ ਮਜ਼ਬੂਰ ਕਰ ਦਿੱਤਾ। ਕੀ ਸਾਡੇ ਰਾਜਨੀਤਕ , ਉਪਰਲੇ ਹਾਕਮਾਂ ਦੀਆਂ ਕੋਝੀਆਂ ਚਾਲਾਂ ਪ੍ਰਤੀ ਜਾਣੂ ਨਹੀ ਸਨ ਉਦੋਂ ਜਦੋਂ ਰਿਪੇਰੀਅਨ ਕਾਨੂੰਨ ਨੂੰ ਛਿੱਕੇ ਟੰਗਕੇ ਪੰਜਾਬ ਦੇ ਪਾਣੀ ਖੋਹੇ ਜਾ ਰਹੇ ਸਨ। ਜੇਕਰ ਸਾਡਾ ਗੁਆਂਢੀ ਮੁਲਕ ਪਾਕਿਸਤਾਨ ਆਪਣੇ ਪਾਣੀਆਂ ਦੀ ਰੱਖਿਆ ਹਿੰਦੋਸਤਾਨੀ ਸਰਕਾਰ ਤੋਂ ਕਰਵਾ ਗਿਆ ਤਾਂ ਸਾਡੇ ਪੰਜਾਬੀ ਨੇਤਾ "ਅਫੀਮ ਦੀ ਡਲੀ " ਖਾਕੇ ਕਿਥੇ ਸੁੱਤੇ ਪਏ ਸਨ, ਜਿਹੜੇ ਪਾਣੀਆਂ ਨੂੰ ਬਚਾਉਣ ਲਈ ਹੋਰ ਕੁਝ ਨਹੀਂ ਕਰ ਸਕੇ ਸਿਵਾਏ ਪਿਛਲੇ ਤਿੰਨ ਦਹਾਕਿਆਂ ਤੋਂ ਪਾਣੀਆਂ ਤੇ ਰਾਜਨੀਤੀ ਕਰਨ ਦੇ! ਕੀ ਉਹ ਜਾਣਦੇ ਹਨ ਅਤੇ ਸਿੱਖ ਸਕਦੇ ਹਨ ਕਿ ਪਾਕਿਸਤਾਨ , ਜਿਹਦੇ ਵਿੱਚ ਆਪਣਾ ਇੱਕ ਹੋਰ ਪੰਜਾਬ ਵੀ ਵਸਦਾ ਹੈ, ਕੋਲ ਦੁਨੀਆਂ ਦਾ ਸਭ ਤੋਂ ਵੱਡਾ ਨਦੀ ਜਲ ਸਪਲਾਈ ਸਿਸਟਮ ਹੈ। ਇੰਡਸ ਬੇਸਿਨ ਦਾ ਇਹ ਪੂਰਾ ਸਿਸਟਮ ਹਿੰਦੋਸਤਾਨ ਤੋਂ ਜਾਣ ਵਾਲੇ ਪਾਣੀ ਉਪਰ ਨਿਰਭਰ ਹੈ। ਜਿਹਲਮ ਉੱਤੇ ਮੰਗਲ ਡੈਮ ਅਤੇ ਸਿੰਧੂ ਨਦੀ ਉੱਤੇ ਤਰਬੇਲਾ ਡੈਮ ਬਣਾਕੇ ਪਾਕਿਸਤਾਨ ਨੇ 1960 ਤੋਂ 1971 ਦੇ ਵਿੱਚ ਆਪਣੇ ਖੇਤਰ ਵਿੱਚ ਸਿੰਧੂ ਦੀਆਂ ਸਹਾਇਕ ਨਦੀਆਂ ਨੂੰ ਨਾ ਸਿਰਫ 12 ਇੰਟਰ ਰਿਵਰ ਲਿੰਕ ਨਹਿਰਾਂ ਨਾਲ ਜੋੜਿਆ, ਬਲਕਿ 45 ਹੋਰ ਨਹਿਰਾਂ ਵੀ ਬਣਾਈਆਂ। ਨਤੀਜਾ ਅੱਜ ਪਾਕਿਸਤਾਨ ਦੀ ਦੋ ਕਰੋੜ ਬਾਰਾਂ ਲੱਖ ਹੈਕਟੇਅਰ ਧਰਤੀ ਇਸ ਪਾਣੀ ਨਾਲ ਸਿੰਜੀ ਜਾਂਦੀ ਹੈ। ਸਿੰਧੂ ਅਤੇ ਇਸਦੀਆਂ ਨਦੀਆਂ ਜੇਹਲਮ, ਚਿਨਾਬ, ਰਾਵੀ, ਬਿਆਸ ਅਤੇ ਸਤਲੁਜ ਦੇ ਪਾਣੀ ਦਾ ਬਟਵਾਰਾ ਹਿੰਦੋਸਤਾਨ ਅਤੇ ਪਾਕਿਸਤਾਨ ਦੇ ਵਿੱਚ ਵਿਸ਼ਵ ਬੈਂਕ ਨੂੰ ਸਾਲਸ ਮੰਨਕੇ 19 ਸਤੰਬਰ 1960 ਨੂੰ ਹੋਇਆ। ਸਮਝੋਤੇ ਤਹਿਤ ਸਿੰਧੂ, ਜੇਹਲਮ ਅਤੇ ਚਨਾਬ ਦੇ ਪਾਣੀ ਉੱਤੇ ਪਾਕਿਸਤਾਨ ਦਾ ਹੱਕ ਮੰਨਿਆ ਗਿਆ ਅਤੇ ਰਾਵੀ ਬਿਆਸ ਅਤੇ ਸਤਲੁਜ ਦਾ ਸਾਰਾ ਪਾਣੀ ਹਿੰਦੋਸਤਾਨ ਨੂੰ ਮਿਲਿਆ। ਇਹ ਸ਼ਰਤ ਵੀ ਰੱਖੀ ਗਈ ਕਿ 31 ਮਾਰਚ 1970 ਤੱਕ ਭਾਰਤ ਆਪਣੇ ਹਿੱਸੇ ਦੀਆਂ ਤਿੰਨਾਂ ਨਦੀਆਂ ਦਾ ਪਾਣੀ ਪਾਕਿਸਤਾਨੋਂ ਜਾਣੋਂ ਨਹੀਂ ਰੋਕੇਗਾ। ਇਸ ਸਮੇ ਦੌਰਾਨ ਪਾਕਿਸਤਾਨ ਨੇ ਨਹਿਰਾਂ ਦਾ ਅਜਿਹਾ ਜਾਲ ਵਿਛਾਇਆ ਕਿ ਉਸਨੇ ਆਪਣੇ ਕਿਸਾਨਾਂ ਅਤੇ ਲੋਕਾਂ ਦੀ ਪਾਣੀ ਦੀ ਸਮੱਸਿਆ ਹੱਲ ਕਰ ਲਈ। ਅਣਵੰਡੇ ਪੰਜਾਬ ਨੂੰ 1947 ਤੋਂ ਪਹਿਲਾਂ ਲਗਭਗ 170 ਆਮ.ਏ.ਐਫ ਪਾਣੀ ਦਰਿਆਵਾਂ ਤੋਂ ਉਪਲੱਬਧ ਸੀ, ਜਿਸ ਵਿੱਚ ਕੇਵਲ 38.3 ਐਮ.ਏ.ਐਫ ਭਾਰਤੀ ਪੰਜਾਬ ਹਿੱਸੇ ਆਇਆ, ਬਾਕੀ ਪਾਕਿਸਤਾਨ ਲੈ ਗਿਆ। ਹਿੰਦੋਸਤਾਨ ਹਿੱਸੇ ਆਏ ਇਸ ਪਾਣੀ ਉੱਤੇ ਹੱਕ ਪੰਜਾਬ ਦਾ ਸੀ, ਔਖਿਆਈ ਮੰਨਦਾ ਹੈ ਇਸ ਗੱਲੋਂ ਬਾਹਰ ਵੱਸਦਾ ਪੰਜਾਬ, ਕਿ ਜਿਸ ਪਾਣੀ ਉੱਤੇ ਹੱਕ ਪੰਜਾਬ ਦਾ ਸੀ, ਪੰਜਾਬੀਆਂ ਦਾ ਸੀ, ਉਹ ਉਸ ਕੋਲੋਂ ਆਖ਼ਿਰ ਸਾਜ਼ਿਸ਼ਨ ਖੋਇਆ ਕਿਉਂ ਜਾ ਰਿਹਾ ਹੈ?

ਬਹੁਤ ਸ਼ਰਮਿੰਦਾ ਹੁੰਦਾ ਹੈ ਦੁਨੀਆਂ ਦੇ ਸਾਹਮਣੇ ਸੱਤ ਸਮੁੰਦਰੋਂ ਪਾਰ ਵਾਲਾ ਪੰਜਾਬ, ਉਦੋਂ ਜਦੋਂ ਉਹ ਪੰਜਾਬ'ਚ ਮਨੁੱਖੀ ਅਧਿਕਾਰਾਂ ਦਾ ਘਾਣ ਸ਼ਰੇਆਮ ਹੁੰਦਿਆਂ ਵੇਖਦਾ ਹੈ, ਪਾਣੀਆਂ ਦੇ ਮਾਮਲੇ 'ਚ ਪੰਜਾਬੀਆਂ ਦੇ ਹੱਕਾਂ ਦਾ ਘਾਣ, ਮਾਂ-ਬੋਲੀ ਨੂੰ ਦੁਪਿਰਿਆਰੀ ਬਣਾਕੇ ਇਸਦਾ ਘਾਣ, ਸਿਹਤ ਸਿੱਖਿਆ ਸਹੂਲਤਾਂ ਦਾ ਘਾਣ! ਉਸ ਪੰਜਾਬ ਨੂੰ ਉਦੋਂ ਵਾਹਵਾ ਮਾਯੂਸੀ ਹੁੰਦੀ ਹੈ, ਜਦੋਂ ਉਹ ਇਹ ਜਾਣ ਚੁੱਕਾ ਹੈ ਕਿ ਕੌਮਾਂਤਰੀ ਮਨੁੱਖੀ ਅਧਿਕਾਰਾਂ ਦੇ ਸਟੈਂਡਰਡ ਨੂੰ ਉਹਦਾ ਪੰਜਾਬ ਪੂਰਿਆਂ ਨਹੀਂ ਕਰਦਾ। ਪੰਜਾਬ ਤਾਂ ਸ਼ਾਇਦ ਇਹ ਵੀ ਨਹੀਂ ਜਾਣਦਾ ਕਿ ਉਨ੍ਹਾਂ ਦੇ ਅੰਤਰ-ਰਾਸ਼ਟਰੀ ਕਨੂੰਨ ਅਨੁਸਾਰ ਉਸਦੇ ਵਾਸੀਆਂ ਨੂੰ 61 ਮਨੁੱਖੀ ਅਧਿਕਾਰ ਮਿਲੇ ਹੋਏ ਹਨ, ਵਿਚਾਰ ਅਤੇ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ , ਇੱਕਜੁੱਟ ਹੋਣ ਦੀ ਅਜ਼ਾਦੀ, ਧਾਰਮਿਕ ਅਜ਼ਾਦੀ, ਨਸਲੀ ਭੇਦਭਾਵ ਤੋਂ ਛੁਟਕਾਰਾ, ਪੁਲਸੀਆ ਹਿੰਸਾ ਤੋਂ ਅਜ਼ਾਦੀ ਸਮੇਤ! ਉਹਦਾ ਤਾਂ ਉਦੋਂ ਸਿਰ ਨੀਵਾਂ ਹੁੰਦਾ ਹੈ ਜਦੋਂ ਉਹ ਜਾਣਦਾ ਹੈ ਕਿ ਵੱਡੀ ਗਿਣਤੀ 'ਚ ਸਜ਼ਾਵਾਂ ਕੱਟ ਚੁੱਕੇ ਕੈਦੀ ਅਤੇ ਹਜ਼ਾਰਾਂ ਦੀ ਤਾਦਾਦ'ਚ ਮੁਕ-ਦਮੇ ਭੁਗਤ ਰਹੇ ਲੋਕ ਸਾਲਾਂ 'ਤੌ ਬਿਨ੍ਹਾਂ ਵਜਹ ਜੇਲਾਂ'ਚ ਬੰਦ ਪਏ ਹਨ। ਤੜਫ ਉਠਦਾ ਹੈ ਉਹ ਕਿ ਕਿਉਂ ਖੋਹਿਆ ਜਾ ਰਿਹਾ ਹੈ ਉਨ੍ਹਾਂ ਤੋਂ ਸੁਤੰਤਰ ਜੀਊਣ ਦਾ ਅਧਿਕਾਰ ਜਿਸ ਅਧੀਨ ਉਨ੍ਹਾਂ ਨੂੰ ਬਰਾਬਰ ਦੀ ਸਿੱਖਿਆ, ਸਿਹਤ ਸਹੂਲਤ ਲੈਣ ਦਾ ਅਧਿਕਾਰ ਹੈ? ਵਿਵਹਲ ਹੋ ਉਠਦਾ ਹੈ ਉਹ ਕਿ ਕਿਥੇ ਹੈ ਉਨਾਂ ਦੀ ਘੁੰਮਣ ਫਿਰਨ, ਡਰ ਤੋਂ ਰਹਿਤ ਜੀਵਨ ਦੀ ਅਜ਼ਾਦੀ , ਜਦਕਿ ਸਮੇਤ ਔਰਤਾਂ ਕੋਈ ਵੀ ਆਪਣੇ ਆਪ ਨੂੰ ਮਹਿਫੂਜ਼ ਨਹੀਂ ਸਮਝਦਾ? ਹੈਰਾਨ ਹੁੰਦਾ ਹੈ ਕਿ ਕਿਥੇ ਹੈ ਲੁੱਟ ਰਹਿਤ ਮਜ਼ਦੂਰੀ ਦਾ ਉਹਨਾਂ ਦਾ ਅਧਿਕਾਰ ਜਦਕਿ ਔਰਤਾਂ ਨੂੰ ਮਰਦ ਬਰਾਬਰ ਮਜ਼ਦੂਰੀ ਨਹੀਂ ਅਤੇ ਬੱਚੇ ਮਜ਼ਦੂਰੀ ਕਰਨ ਲਈ ਮਜ਼ਬੂਰ ਹਨ। ਕਿਥੇ ਹੈ ਧਾਰਮਿਕ ਅਜ਼ਾਦੀ. ਜਦੋਂ "ਭਾਰਤ ਮਾਤਾ ਦੀ ਜੈ" ਦਾ ਨਾਹਰਾ ਨਾ ਲਾਉਣ ਵਾਲੇ ਸ਼ੱਕ ਦੇ ਘੇਰੇ 'ਚ ਆ ਜਾਂਦੇ ਹਨ। ਕਿਥੇ ਹੈ ਬਰਾਬਰ ਦੀਆਂ ਕਾਨੂੰਨ ਸੇਵਾਵਾਂ ਦਾ ਹੱਕ ਤੇ ਸ਼ੁੱਧ ਵਾਤਾਵਰਨ ਤੇ ਸਾਫ ਪਾਣੀ ਪੀਣ ਦਾ ਹੱਕ ਜਦ ਕਿ ਉਹਦਾ ਰਹਿਣ ਸਹਿਣ ਅਸਲੋਂ ਬਦਤਰ ਹੈ ਅਤੇ ਆਲਾ ਦੁਆਲਾ ਗੰਦਗੀ ਭਰਪੂਰ । ਪੰਜਾਬੋਂ ਬਾਹਰਲਾ ਪੰਜਾਬ ਜਾਣਦਾ ਹੈ ਕਿ ਕੋਈ ਵੀ ਦੇਸ਼ ਇਨ੍ਹਾਂ ਸਾਰੇ ਮਨੁੱਖੀ ਅਧਿਕਾਰਾਂ ਨੂੰ ਆਪਣੇ ਨਾਗਰਿਕਾਂ ਨੂੰ ਦੇ ਨਹੀਂ ਸਕਦਾ।


Low Rate Loans



Real Estate Loans

Commercial Loans

Apartment Loans

Construction Loans

Business Loans

Loans up to $30 Million

Credit or income problems are welcome

ਜੇ ਤੁਹਾਡਾ ਕਰੈਡਿਟ ਨਹੀਂ ਜਾਂ ਇਨਕਮ ਘੱਟ ਹੈ,

ਕੋਈ ਗੱਲ ਨਹੀਂ, ਬੱਸ ਇਕ ਵਾਰ ਫੋਨ ਕਰੋ

For more information Call:-

(408) 307-6331


## ਫੌਜ ਦੇ ਸਭ ਤੋਂ ਖਤਰਨਾਕ ਕਮਾਂਡੋ ਤਿਆਰ ਕਰਦਾ ਹੈ ਇਹ ਵਿਅਕਤੀ

ਐਕਸ਼ਨ ਹੀਰੋ ਟਾਈਗਰ ਸ਼੍ਰਾਫ ਆਪਣੀ ਫਿਲਮ 'ਬਾਗੀ' ਵਿਚ ਮਾਰਸ਼ਲ ਆਰਟ ਦੇ ਧਮਾਕੇਦਾਰ ਐਕਸ਼ਨ ਕਰਨਗੇ। ਇਹਨਾਂ ਵਿਚੋਂ ਕੁਝ ਤਾਂ ਫਿਲਮ ਦਾ ਟ੍ਰੇਲਰ ਜਾਰੀ ਹੋਣ ਤੋਂ ਬਾਅਦ ਕਾਫੀ ਮਸ਼ਹੂਰ ਹੋ ਗਏ ਹਨ। ਟਾਈਗਰ ਸ਼ਰਾਫ ਨੂੰ ਐਕਸ਼ਨ ਦੇ ਇਹ ਟਿਪਸ ਫਿਲਮ ਵਿਚ ਉਹਨਾਂ ਦੇ ਮਾਸਟਰ ਬਣੇ ਗ੍ਰੈਂਡ ਮਾਸਟਰ ਸ਼ੌਰੀਆ ਭਾਰਦਵਾਜ ਸ਼ਿਫੂਜੀ ਨੇ ਦਿੱਤੇ ਹਨ। ਸ਼ਿਫੂਜੀ ਇਕ ਟ੍ਰੇਨਰ ਦੇ ਤੌਰ ਤੇ ਜਾਣਿਆ ਜਾਂਦਾ ਹੈ, ਜੋ ਭਾਰਤੀ ਫੌਜ ਦੇ ਸਭ ਤੋਂ ਘਾਤਕ ਕਮਾਂਡੋਜ਼ ਨੂੰ ਵੀ ਤਿਆਰ ਕਰਦਾ ਹੈ। ਕਈ ਐਕਸ਼ਨ ਫਿਲਮਾਂ ਵਿਚ ਸ਼ਿਫੂਜੀ ਦੀ ਮਦਦ ਲਈ ਜਾਂਦੀ ਹੈ।

ਸ਼ੌਰੀਆ ਭਾਰਦਵਾਜ ਸ਼ਿਫੂਜੀ ਵਿਸ਼ਵ ਦੇ ਸਰਵਸ਼੍ਰੇਸਠ ਮਾਰਸ਼ਲ ਆਰਟ ਟ੍ਰੇਨਰ ਵਿਚੋਂ ਇਕ ਹਨ ਅਤੇ ਜਬਲਪੁਰ ਦੇ ਰਹਿਣ ਵਾਲੇ ਹਨ। ਸ਼ਿਫੂਜੀ ਭਾਰਦ ਦੇ ਸਪੈਸ਼ਲ ਫੋਰਸਿਜ਼ ਦੇ ਕਮਾਂਡੋਜ਼ ਨੂੰ ਟ੍ਰੇਨ ਕਰਦੇ ਹਨ। ਨੇਵੀ ਦੇ ਮਾਰਕੋਜ਼, ਇੰਡੀਅਨ ਆਰਮੀ ਦੇ ਪੈਰਾਂ ਕਮਾਂਡੋਜ਼, ਏਅਰਫੋਰਸ ਦੇ ਗਰੁੜ ਕਮਾਂਡੋਜ਼ ਨੂੰ ਟ੍ਰੇਨਿੰਗ ਦਿੰਦੇ ਹਨ। ਬਾਲੀਵੁੱਡ ਦੇ ਐਕਸ਼ਨ ਫਿਲਮਾਂ ਵਿਚ ਵੀ ਉਹਨਾਂ ਦੀ ਮਦਦ ਲਈ ਜਾਂਦੀ ਹੈ। ਬਾਗੀ ਫਿਲਮ ਵਿਚ ਉਹ ਚੀਫ ਐਕਸ਼ਨ ਡਿਜਾਇਨਰ, ਚੀਫ ਐਕਸ਼ਨ ਮੇਂਟੋਰ ਅਤੇ ਚੀਫ ਐਕਸ਼ਨ ਕੰਸਲਟੈਂਟ ਹਨ। ਇਸ ਫਿਲਮ ਦੇ ਲਈ ਉਹਨਾਂ ਨੇ ਟ੍ਰਾਈਗਰ ਸ਼ਰਾਫ ਨੂੰ 13 ਕਿਸਮ ਦੇ ਮਾਰਸ਼ਲ ਆਰਟ ਸਿਖਾਏ ਹਨ। ਫਿਲਮ ਵਿਚ ਵੀ ਉਹ ਟਾਈਗਰ ਦੇ 70 ਸਾਲ ਦੇ ਬਜ਼ੁਰਗ ਮਾਸਟਰ ਦੇ ਰੋਲ ਵਿਚ ਨਜ਼ਰ ਆਉਣਗੇ। ਜੋ ਟਾਈਗਰ ਨੂੰ ਮਾਰਸ਼ਲ ਆਰਟ ਸਿਖਾਉਂਦੇ ਹਨ। ਇਸ ਰੋਲ ਦੇ ਲਈ ਪਹਿਲਾਂ ਨਸੀਰੂਦੀਨ ਸ਼ਾਹ, ਪ੍ਰਕਾਸ਼ ਰਾਜ ਅਤੇ ਅਮਿਤਾਬ ਬਚਨ ਦੇ ਨਾਂ ਤੇ ਵਿਚਾਰ ਕੀਤਾ ਗਿਆ ਸੀ। ਫਿਲਮ ਕਲਰੀਪਯੂਟ ਮਾਰਸ਼ਲ ਆਰਟ ਵੀ ਦਿਖਾਇਆ ਜਾਵੇਗਾ। ਸ਼ਿਫੂਜੀ ਬਾਲੀਵੁੱਡ ਦੇ ਕਈ ਸਟੰਟਮੈਨ ਨੂੰ ਵੀ ਟ੍ਰੇਨਿੰਗ ਦਿੰਦੇ ਹਨ। ਜਿਹਨਾਂ ਨੇ ਵਾਂਟਡ, ਰਾਊਡੀ ਰਾਠੌਰ, ਬਾਹੂਬਲੀ, ਰੈਡੀ, ਬਾਜੀਰਾਓ-ਮਸਤਾਨੀ, ਫੋਰਸ, ਕਮਾਂਡੋ ਵਰਗੀਆਂ ਫਿਲਮਾਂ ਵਿਚ ਸਟੰਟ ਕੀਤੇ ਹਨ। ਐਕਟਰ ਦੇ ਤੌਰ ਤੇ ਇਹ ਉਹਨਾਂ ਦੀ ਪਹਿਲੀ ਫਿਲਮ ਹੈ। ਹਾਲ ਹੀ ਵਿਚ ਇਕ ਇੰਟਰਵਿਊ ਵਿਚ ਟਾਈਗਰ ਸ਼ਰਾਫ ਨੇ ਸ਼ਿਫੂਜੀ ਦੀ ਰੱਜ ਕੇ ਤਾਰੀਫ ਕੀਤੀ ਸੀ।


R.PAL SINGH TAX PROFESSIONAL

ENROLLED AGENT

BOOKKEEPING ACCOUNTS PAYROLLS

IRS e-file

TAX-INDIVIDUAL FAMILY, BUSINESS, TRUCKING, BOOKKEEPING ACCOUNTS, PAY-ROLLS & INCORPORATION, INSURANCE LIFE Only-Agent. NOTARY, REAL ESTATE (SVA), EX-PECTING REFUND : GET MONEY BACK FAST!

E.A.

Open 7 Days
Weekends/Evenings
(Year Round Service)
Resonalbe Rates
Call for Appointment

CTEC




CALL: R. PAL. SINGH EA- 510-750-3464

EA 00097224, CRTP A44237 Realtor#148514,

Insurance Life- Only Agent #0G76896

39159 Paseo Padre Pkwy # 103, Fremont, CA 94538

Email:singhrpal@sbeglobal.net Singhtax.com




# ਥਿਆੜਾ ਪਰਿਵਾਰ ਵੱਲੋਂ ਬੋਗ ਰੋਡ ਯੂਬਾ ਸਿਟੀ ਵਿਖੇ ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦੀ ਯਾਦ ਵਿਚ ਅਖੰਡ ਪਾਠ ਰਖਵਾਇਆ



ਯੂਬਾ ਸਿਟੀ- ਹਰ ਸਾਲ ਦੀ ਤਰ੍ਹਾਂ ਸਰਬਜੀਤ ਥਿਆੜਾ, ਬਖਸ਼ਿੰਦਰ ਥਿਆੜਾ, ਮਿੰਦਰ ਥਿਆੜਾ ਅਤੇ ਮੋਹਨ ਕੌਰ ਥਿਆੜਾ ਵੱਲੋਂ ਬੋਗ ਰੋਡ ਯੂਬਾ ਸਿਟੀ ਵਿਖੇ ਸੰਤ ਬਾਬਾ ਜਵਾਲਾ ਸਿੰਘ ਜੀ ਹਰਖੋਵਾਲ ਵਾਲਿਆਂ ਦੀ ਯਾਦ ਵਿਚ ਅਖੰਡ ਪਾਠ ਕਰਵਾਇਆ ਜਾ ਰਿਹਾ ਹੈ। ਵੀਰਵਾਰ ਅਪ੍ਰੈਲ 14 ਨੂੰ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ ਸ਼ਨਿਚਰਵਾਰ ਪ੍ਰੈਸ 16 ਨੂੰ ਭੋਗ ਪਾਏ ਜਾਣਗੇ। ਥਿਆੜਾ ਪਰਿਵਾਰ ਵੱਲੋਂ ਸਭ ਸੰਗਤ ਨੂੰ ਹੁੰਮ ਹੁੰਮਾ ਕੇ ਪਹੁੰਚਣ ਦੀ ਅਪੀਲ ਕੀਤੀ ਜਾਂਦੀ ਹੈ।

# ਦੇਵ ਘੋਲੀਆ ਦੀ ਪਲੇਠੀ ਕਿਤਾਬ 'ਢੋਲ ਪ੍ਰਦੇਸੀ'

ਫਰਿਜ਼ਨੋ- ਇਸ ਸ਼ਹਿਰ ਦੇ ਵਾਸੀ ਦੇਵ ਘੋਲੀਆ ਜੋ ਪਿੱਛਿਉਂ ਮੋਗੇ ਲਾਗਲੇ ਪਿੰਡ ਘੋਲੀਆ ਤੋਂ ਆ ਕੇ ਇੱਥੇ ਵੱਸਿਆ ਹੋਇਆ ਹੈ, ਪਰਿਵਾਰ ਸਮੇਤ ਜ਼ਿੰਦਗੀ ਦੀ ਸੋਹਣਾ ਬਸਰ ਕਰ ਰਿਹਾ ਹੈ।



ਪਰਦੇਸ ਟਾਇਮਜ਼ 'ਚ ਕਈ ਵਰ੍ਹੇ ਆਪਣੀਆਂ ਨਵੀਆਂ ਰਚਨਾਵਾਂ ਨਾਲ ਛਪਦਾ ਰਿਹਾ ਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਨਾਮ ਦੇ ਨਾਲ ਪਛਾਣ ਵੀ ਬਣੀ ਤੇ ਅੱਜ ਇਸੇ ਨਾਂ ਥੱਲੇ ਕਿਤਾਬ 'ਢੋਲ ਪ੍ਰਦੇਸੀ' ਛਪਵਾਈ ਹੈ ਜਿਸ ਵਿਚ ਜ਼ਿੰਦਗੀ ਦੇ ਕਈ ਰੰਗਾਂ ਦੀ ਗੱਲ ਛੋਹੀ ਗਈ ਹੈ, ਬਲਕਿ ਹਰ ਰੰਗ ਨੂੰ ਛੋਹਿਆ ਹੈ ਤੇ ਪਰਦੇਸ ਟਾਇਮਜ਼ ਦੇ ਚੰਗੇ ਪੜ੍ਹੇ ਜਾਣ ਵਾਲੇ ਸਾਹਿਤ ਨੂੰ ਰਚ ਕੇ ਇਕ ਤੋਰ ਤੋਰੀ, ਹੋਰ ਅਖਬਾਰਾਂ 'ਚ ਛਪਦਾ ਰਹਿੰਦਾ ਹੈ।

ਉਸਦੀ ਹੱਥਲੀ ਕਿਤਾਬ ਬਾਰੇ ਅਗਲੀ ਵਾਰ ਪਰਦੇਸ ਟਾਇਮਜ਼ ਵਿਚ ਲਿਖਿਆ ਜਾਵੇ ਪਰ ਅੱਜ ਉਸਦੀ ਕਿਤਾਬ ਦੇ ਪੰਨੇ ਤੇ ਕੀਤਾ ਦੋਸਤਾਂ ਮਿੱਤਰਾਂ ਦੇ ਧੰਨਵਾਦ ਪ੍ਰਤੀ ਪਰਦੇਸ ਟਾਇਮਜ਼ ਵੱਲੋਂ ਦੇਵ ਘੋਲੀਆ ਹੁਰਾਂ ਨੂੰ ਬਹੁਤ ਬਹੁਤ ਵਧਾਈ ਦਿੰਦਾ ਹੈ, ਕਿਉਂਕਿ ਅੱਜ ਉਹ ਚੰਗਾ ਲਿਖਾਰੀ ਹੈ। ਆਉਂਦੇ ਦਿਨਾਂ ਵਿਚ ਹੋਰ ਤਰੱਕੀ ਦੀ ਤਾਂਘ ਵਿਚ

**-ਬਲਬੀਰ ਸਿੰਘ ਐਮ. ਏ. (ਮੁੱਖ ਸੰਪਾਦਕ)**









# ਗੁਰਦਵਾਰਾ ਸਿੰਘ ਸਭਾ ਫਰਿਜਨੋ ਵਿਖੇ ਸਿੱਖ ਪੰਥ ਦੇ ਮਹਾਨ ਵਿਦਵਾਨ ਪ੍ਰੋ. ਸਰਬਜੀਤ ਸਿੰਘ ਧੂੰਦਾ ਦੇ ਦੀਵਾਨ ਸੁਣਨ ਲਈ ਸੰਗਤਾਂ ਵਹੀਰਾ ਘੱਤਕੇ ਪਹੁੰਚੀਆਂ






















ਫਰਿਜਨੋਂ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ- ਸਥਾਨਿਕ ਗੁਰਦਵਾਰਾ ਸਿੰਘ ਸਭਾ ਵਿਖੇ ਪੰਜਾਬੀ ਕਲਚਰਲ ਐਸੋਸ਼ੀਏਸ਼ਨ (ਪੀਸੀਏ) ਦੇ ਸਹਿਯੋਗ ਨਾਲ ਵਿਸਾਖੀ ਦੇ ਪਵਿੱਤਰ ਦਿਹਾੜੇ ਨੂੰ ਮੁੱਖ ਰੱਖਕੇ ਲੰਘੇ ਐਤਵਾਰ ਤੋਂ ਵਿਸ਼ੇਸ਼ ਦੀਵਾਨ ਸਜਾਏ ਜਾ ਰਹੇ ਹਨ। ਐਤਵਾਰ ਦੁਪਿਹਰ ਦੇ ਦੀਵਾਨ ਵਿੱਚ ਨਿਧੱੜਕ ਕਥਾਵਾਚਕ ਪ੍ਰੋ. ਸਰਬਜੀਤ ਸਿੰਘ ਧੂੰਦਾ ਜੋ ਬੜੀ ਬੇਬਾਕੀ ਨਾਲ ਸੰਗਤਾਂ ਨੂੰ ਵਹਿਮਾਂ-ਭਰਮਾਂ ਅਤੇ ਪਖੰਡੀ ਸਾਧਾਂ ਦੇ ਝਾਂਸੇ ਚੋਂ ਕੱਢਕੇ ਸ਼ਬਦ ਗੁਰੂ ਸ਼੍ਰੀ ਗੁਰੂ ਗ੍ਰੰਥ ਸਹਿਬ ਨਾਲ ਜੋੜ ਰਹੇ ਹਨ, ਨੇ ਉਚੇਚੇ ਤੌਰ ਤੇ ਹਾਜ਼ਰੀ ਭਰੀ। ਇਸ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਪ੍ਰੋ. ਧੂੰਦਾ ਦੇ ਵਿਚਾਰ ਸੁਣਨ ਲਈ ਵਹੀਰਾਂ ਘੱਤਕੇ ਪਹੁੰਚੀਆਂ ਹੋਈਆਂ ਸਨ। ਗੁਰੂ ਘਰ ਦੇ ਅੰਦਰ ਕਈ ਏਕੜਾ ਵਿੱਚ ਬਣੀ ਕਾਰ ਪਾਰਕਿੰਗ ਨੱਕੋ ਨੱਕ ਭਰਨ ਕਰਕੇ ਬਹੁਤ ਸਾਰੀਆਂ ਸੰਗਤਾਂ ਨੂੰ ਗੱਡੀਆਂ ਗੁਰਦਵਾਰਾ ਸਹਿਬ ਦੇ ਬਾਹਰ ਚਾਰਦਵਾਰੀ ਨਾਲ ਪਾਰਕ ਕਰਨੀਆਂ ਪਈਆਂ। ਗੁਰਦਵਾਰਾ ਸਹਿਬ ਅੰਦਰ ਜਿੱਧਰ ਵੀ ਨਜ਼ਰ ਦੌੜਦੀ ਸੀ ਹਰ ਪਾਸੇ ਹਰੀਆਂ, ਲਾਲ, ਕੇਸਰੀ, ਨੀਲੀਆਂ ਚੁੰਨੀਆਂ ਅਤੇ ਦਸਤਾਰਾਂ ਨਾਲ ਪੂਰਾ ਪੰਡਾਲ ਖਾਲਸਾਈ ਰੰਗ ਵਿੱਚ ਰੰਗਿਆ ਮਹਿਸੂਸ ਹੋ ਰਹਿਆ ਸੀ। ਗੁਰੂ ਗ੍ਰੰਥ ਸਹਿਬ ਅੱਗੇ ਨਤਮਸਤਿਕ ਹੋਣ ਲਈ ਸੰਗਤਾਂ ਦੀਆਂ ਲੰਮੀਆਂ ਕਤਾਰਾਂ ਪੰਜਾਬ ਦੇ ਕਿਸੇ ਇਤਿਹਾਸਕ ਸਥਾਨ ਦਾ ਭੁਲੇਖਾ ਪਾ ਰਹੀਆਂ ਸਨ। ਦੀਵਾਨ ਦੀ ਸੁਰੂਆਤ ਗੁਰੂ ਘਰ ਦੇ ਸੈਕਟਰੀ ਗੁਰਪ੍ਰੀਤ ਸਿੰਘ ਮਾਨ ਨੇ ਗੁਰੂ ਫਤਿਹ ਸਾਝੀ ਕਰਨ ਉਪਰੰਤ ਸਭਨਾਂ ਨੂੰ ਨਿੱਘੀ ਜੀ ਆਇਆ ਆਖਕੇ ਕੀਤੀ, ਉਹਨਾਂ ਚਿਤਾਵਨੀ ਦਿੰਦਿਆ ਕਿਹਾ ਕਿ ਜਿਵੇਂ ਕੁਝ ਦਿਨ ਪਹਿਲਾਂ ਪ੍ਰੋ. ਧੂੰਦਾ ਦੇ ਦੀਵਾਨਾ ਅੰਦਰ ਕੁਝ ਕੁ ਅਨਸਰਾਂ ਨੇ ਵਿਘਨ ਪਾਉਣ ਦੀ ਅਸਫਲ ਕੋਸ਼ਿਸ਼ ਕੀਤੀ ਸੀ, ਅਸੀਂ ਇਹੋ ਜਿਹੀ ਕੋਈ ਵੀ ਕੋਝੀ ਹਰਕਤ ਬਰਦਾਸ਼ਤ ਨਹੀਂ ਕਰਾਗੇ ਅਗਰ ਕਿਸੇ ਵੀਰ ਕੋਲ ਸੁਆਲ ਹਨ ਤਾਂ ਜਰੂਰ ਜੁਆਬ ਦਿੱਤੇ ਜਾਣਗੇ, ਉਹਨਾਂ ਕਿਹਾ ਕਿ ਅਗਰ ਚਲਦੇ ਦੀਵਾਨ ਵਿੱਚ ਕਿਸੇ ਸੱਜਣ ਨੇ ਖੱਲੜ ਪਾਉਣ ਦੀ ਕੋਸ਼ਿਸ਼ ਕੀਤਾ ਤਾਂ ਉਹਨਾਂ ਨਾਲ ਸਖਤੀ ਨਾਲ ਨਿਪਟਿਆ ਜਾਵੇਗਾ। ਉਹਨਾਂ ਕਿਹਾ ਕਿ ਹਰ ਕਿਸੇ ਨੂੰ ਬੋਲਣ ਦੀ ਅਜਾਦੀ ਹੈ, ਲੇਕਿਨ ਇਸ ਦਾ ਇਹ ਮਤਬਲ ਨਹੀਂ ਕਿ ਅਸੀਂ ਦੂਸਰਿਆਂ ਨੂੰ ਵੀ ਸੁਣਨ ਤੋਂ ਰੋਕੀਏ। ਇਸ ਪਿਛੋਂ ਪ੍ਰੋ. ਸਰਬਜੀਤ ਸਿੰਘ ਧੂੰਦਾ ਸਟੇਜ਼ ਤੇ ਆਏ ਉਹਨਾਂ ਇੱਕ ਘੰਟਾ ਕਥਾ ਦੁਆਰਾ ਸੰਗਤਾ ਨੂੰ ਗੁਰੂ ਸ਼ਬਦ ਨਾਲ ਜੋੜਿਆ ਅਤੇ ਸੰਗਤਾਂ ਨੇ ਸਾਹ ਰੋਕਕੇ ਗੁਰੂ ਦੀ ਮਹਿਮਾਂ ਸੁਣੀ। ਉਹਨਾਂ ਡੇਰਾਵਾਦ ਅਤੇ ਸੰ-ਪਰਦਾਵਾ ਨੂੰ ਸਿੱਖ ਪੰਥ ਨੂੰ ਲੱਗੀ ਸਿਉਂਕ ਦੱਸਦਿਆਂ ਪਖੰਡਬਾਜੀ ਤੋਂ ਉਪਰ ਉਠਕੇ ਦੇਹਧਾਰੀ ਪਖੰਡੀਆਂ ਤੋਂ ਸਾਵਧਾਨ ਹੋਕੇ ਗੁਰੂ ਗ੍ਰੰਥ ਦੇ ਲੜ ਲੱਗਣ ਦੀ ਸੰਗਤਾਂ ਨੂੰ ਬੇਨਤੀ ਕੀਤੀ। ਪ੍ਰੋ. ਧੂੰਦਾ ਚੋਂ ਇਲਾਵਾ ਗੁਰੂ ਘਰ ਦੇ ਹਜ਼ੂਰੀ ਰਾਗੀ ਡਾ. ਭਾਈ ਸਰਬਜੀਤ ਸਿੰਘ ਜੀ ਸੁੰਦਰ ਨਗਰ ਵਾ-ਲਿਆ ਦੇ ਜਥੇ ਨੇ ਸੰਗਤਾ ਨੂੰ ਕੀਰਤਨ ਦੁਆਰਾ ਨਿਹਾਲ ਕੀਤਾ। ਭਾਈ ਮਲਕੀਤ ਸਿੰਘ ਨੇ ਹੁਕਮਨਾਵਾਂ ਸਹਿਬ ਦੀ ਵਿਆਖਿਆ ਕੀਤੀ। ਅਰਦਾਸ ਉਪਰੰਤ ਕੜਾਹ ਪ੍ਰਸ਼ਾਦ ਦੀ ਦੇਗ ਵਰਤੀ, ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਿਆ। ਦੀਵਾਨ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੀਸੀਏ ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਕਿਹਾ ਕਿ ਪ੍ਰੋ. ਧੂੰਦਾ ਸਿੱਖ ਪੰਥ ਦਾ ਉਹ ਯੋਧਾ ਜਿਹੜਾ ਠੋਕ ਵਜਾਕੇ ਗੁਰਬਾਣੀ ਨੂੰ ਅਧਾਰ ਬਣਾਕੇ ਵਿਪਰੀਤ ਹੋ ਰਹੀ ਸਿੱਖੀ ਨੂੰ ਬਚਾਉਣ ਲਈ ਗੁਰੂ ਸ਼ਬਦ ਨਾਲ ਜੋੜਨ ਲਈ ਦਰ ਦਰ ਜਾਕੇ ਸੁਤੀ ਕੌਮ ਨੂੰ ਜਗਾਉਣ ਲਈ ਹੋਕਰੇ ਮਾਰ ਰਿਹਾ ਹੈ, ਲੇਕਿਨ ਅਫ਼ਸੋਸ ਕਿ ਚੰਦ ਕੁ ਗੁੰਮਰਾਹ ਹੋ ਚੁਕੇ ਵੀਰ ਸਾਰੀ ਕੌਮ ਨੂੰ ਵੰਡਣ ਤੇ ਤੁਰੇ ਹੋਏ ਨੇ, ਉਹਨਾਂ ਕਿਹਾ ਕਿ ਅਗਰ ਕਿਸੇ ਵੀਰ ਨੂੰ ਪ੍ਰੋ. ਧੂੰਦੇ ਦੇ ਵਿਚਾਰ ਨਹੀਂ ਚੰਗੇ ਲਗਦੇ ਤਾਂ ਨਾਂ ਸੁਣੇ, ਪਰ ਅਗਰ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਅੱਜ ਆਪ ਮੁਹਾਰੇ ਵਹੀਰਾਂ ਘੱਤਕੇ ਪ੍ਰੋ. ਸਹਿਬ ਦੇ ਵਿਚਾਰ ਸੁਣਨ ਪਹੁੰਚੀਆਂ ਤਾਂ ਇਹਨਾਂ ਨੂੰ ਗੁੰਮਰਾਹ ਕਰਨ ਦਾ ਉਹਨਾਂ ਨੂੰ ਕੋਈ ਹੱਕ ਨਹੀਂ ਹੈ। ਉਹਨਾਂ ਅਫ਼ਸੋਸ ਜਿਤਾਇਆ ਕਿ ਸਿਮਰਨ ਨੂੰ ਢਾਲੂ ਬਣਾਕੇ ਕਿਸੇ ਨੂੰ ਚੁਪ ਕਰਵਾਉਣਾ ਕਿਹੜੀ ਰਹਿਤ ਮਰਿਆਦਾ ਦਾ ਹਿੱਸਾ ਹੈ। ਉਹਨਾਂ ਕਿਹਾ ਕਿ ਪਹਿਲਾਂ ਅਸੀਂ ਗੁਰੂ ਦੇ ਸਿਧੰਤ ਨੂੰ ਸਮਝੀਏ ਕੀ ਗੁਰੂ ਸਾਨੂੰ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਪੱਗਾਂ ਲਾਉਣ ਦੀ ਇਜਾਜਤ ਦਿੰਦਾ, ਫੇਰ ਅਸੀਂ ਰੌਲ਼ਾ ਪਾਉਦੇ ਹਾਂ ਪੁਲਿਸ ਨੰਗੇ ਸਿਰ ਸਣੇ ਬੂਟ ਅੰਦਰ ਆ ਗਈ, ਅਸੀਂ ਉਹਨਾਂ ਨੂੰ ਸੱਦਦੇ ਹਾਂ ਅਗਲੇ ਕੋਈ ਚਾਅ ਨੂੰ ਨਹੀਂ ਆਉਦੇ। ਅਗਰ ਕੋਈ ਮੱਤਭੇਦ ਨੇ ਸਾਨੂੰ ਰਲ ਬੈਠਕੇ ਹੱਲ ਕੱਢਣਾ ਚਾਹੀਦਾ ਹੈ ਲੜਾਈ ਨਾਲ ਕਦੇ ਕੁਝ ਹਾਸਲ ਨਹੀਂ ਹੁੰਦਾ। ਅਖੀਰ ਵਿੱਚ ਉਹਨਾਂ ਸਮੂੰਹ ਸੰਗਤਾਂ ਦਾ ਜਿਨ੍ਹਾਂ ਨੇ ਦੀਵਾਨਾ ਵਿੱਚ ਵੱਡੀ ਗਿਣਤੀ ਵਿੱਚ ਹਾਜ਼ਰੀ ਭਰਕੇ ਇੱਕਜੁਟਤਾ ਵਿਖਾਈ ਸਭਨਾਂ ਦਾ ਸ਼ੁਕਰੀਆ ਅਦਾ ਕੀਤਾ।

AAA
AUTO AND BODY WORKS



ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਅਤੇ ਸਾਡੀਆਂ ਸੇਵਾਵਾਂ ਦਾ ਲਾਭ ਲਓ



Jasbir Singh Takhar
510-755-2132

Free Estimates
Free Towing

Harmandeep
Singh

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

We Do Complete Engine, Transmission, Body and Paint Work. We Sell Used Cars at a Good Price

1421 Industrial Pkwy West- F
Hayward, CA 94544

510- 733- 2222



M.K Nijjar DDS
Ruchi Nijjar DDS
LASER DENTISTRY

NO SHOTS, NO DRILL, NO PAIN!



- Esthetic Crowns, Bridges & Dentures
- Teeth Whitening-Oral Surgery
- Root Canal Treatments
- Treatment & Prevention of Gum Disease

FAMILY DENTISTRY COSMETIC DENTISTRY

New Patients & Children Welcome



510-794-7058
www.drnijjar.com

Across From Washington Hospital & Bart
1895 Mowry Ave. Set 104 Fremont (Cal) 94536



Dudensing & Kim Law, LLP

ਪ੍ਰਸਨਲ ਇੰਜਰੀ ਅਤੇ ਘਰ ਮਾਲਕਾਂ ਦੇ ਅਧਿਕਾਰਾਂ ਦੀ ਉਲੰਘਣਾ, ਜਦੋਂ ਬੈਂਕ ਗਲਤ ਤਰੀਕੇ ਨਾਲ ਤੁਹਾਡੇ ਘਰ ਨੂੰ ਘੱਟ ਕੀਮਤ ਤੇ ਵੇਚਦੇ ਹਨ। ਇਹਨਾਂ ਮੁਸ਼ਕਿਲਾਂ ਵਿਚ ਸਾਨੂੰ ਇਕ ਵਾਰ ਜ਼ਰੂਰ ਦਰਸ਼ਨ ਦਿਓ

Dudensing & Kim Law, LLP practices in the areas of personal Injury and violations of homeowner's rights when banks wrongfully foreclose on their homes.



All consultations are free. Associate attorney, Sukhtej H. Atwal (T. J) speaks Punjabi and can provide legal translation services.

Jan Dudensing, a member of the California State Bar is responsible for this advertisement.

We are located at

925 G Street, Sacramento, CA 95814

916-448-3122





Preet Fabrics & Appliance

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ, ਫੈਸ਼ਨ ਦਾ ਹੋਰ ਸਾਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਾਮਾਨ ਵੀ ਮਿਲਦਾ ਹੈ।

YOUR ONE-STOP CENTER FOR BOTH FABRICS & APPLIANCES

5156 mowry AVE. Fremont, CA 94538

TEL: 510-797-7111 FAX : 510-739-6350

(For More Info. Call Onkar)

APPLIANCES WE CARRY ALL MAJOR BRANDS!!



SONY, SANY, JVC, PANASONIC, LUGGAGE CROSS, PARKER PENS, OSTER BLENDERS

- Tvs, VCRs, DVD
- Tape Recorders
- Camcorders
- DVD Players
- Cordless Phones
- Watches (Seiko, Citizen & Swistar)
- Shavers & Trimmers
- Cellular Phones
- Medical Equipment
- Calling Cards

# ਟਰਲਕ ਵਿਚ ਹਰਦੀਪ ਨਿੱਜਰ ਅਤੇ ਰਮਨ ਕੌਰ ਦੀ ਕੁੜਮਾਈ ਦੀ ਰਸਮ









ਦੋ ਅਪ੍ਰੈਲ ਨੂੰ ਟਰਲਕ (ਕੈਲੇਫੋਰਨੀਆ) ਵਿਚ ਖਾਸ ਸੱਜਣਾਂ ਦੀ ਹਾਜ਼ਰੀ ਵਿਚ ਹਰਦੀਪ ਸਿੰਘ ਨਿੱਜਰ ਸਪੁੱਤਰ ਨਿਰਮਲ ਸਿੰਘ ਨਿੱਜਰ (ਨੰਬਰਦਾਰ) ਫਤਿਹਪੁਰ-ਆਦਮਪੁਰ ਜ਼ਿਲ੍ਹਾ ਜਲੰਧਰ ਦੀ ਕੁੜਮਾਈ ਰਮਨ ਕੌਰ ਭਤੀਜੀ ਸੁਖਜੀਤ ਸਿੰਘ ਢੇਸੀ ਦੇ ਨਾਲ ਬਹੁਤ ਹੀ ਛੋਟੀ ਜਿਹੀ ਮਿਲਣੀ ਵੇਲੇ ਹੋਈ। ਰੈਸਟੋਰੈਂਟ ਵਿਚ 40 ਕੁ ਰਿਸ਼ਤੇਦਾਰਾਂ ਦੇ ਇਕੱਠ ਵਿਚ ਇਹ ਰਸਮ ਨਿਭਾਈ ਤੇ ਉਥੇ ਲੜਕੀ ਦੇ ਪਰਿਵਾਰ ਦੇ ਭੂਆ-ਫੁੱਫੜ ਜੀ ਤੋਂ ਇਲਾਵਾ ਉਹਨਾਂ ਦੇ ਰਿਸ਼ਤੇਦਾਰ ਕਰ-ਮਜੀਤ ਗਰੇਵਾਲ ਤੇ ਹੋਰ ਪਰਿਵਾਰ ਪਹੁੰਚੇ ਤੇ ਇਸ ਖੁਸ਼ੀ ਦੇ ਮੌਕੇ ਤੇ ਸਭ ਨੇ ਨਵੇਂ ਬਣ ਰਿਸ਼ਤੇ ਨੂੰ ਵਧਾਈਆਂ ਤੇ ਆਸ਼ੀਰਵਾਦ ਦਿੱਤਾ। ਹਰਦੀਪ ਸਿੰਘ ਨਿੱਜਰ (ਦੀਪਾ ਨਿੱਜਰ) ਮੁੱਖ ਸੰਪਾਦਕ ਬਲਬੀਰ ਸਿੰਘ ਐਮ. ਏ. ਦੀ ਧਰਮ ਪਤਨੀ ਬੀਬੀ ਰਾਜਿੰਦਰ ਕੌਰ ਦਾ ਸਕਾ ਮਾਮੇ ਦਾ ਇਕਲੌਤਾ ਸਪੁੱਤਰ ਹੈ।) ਦੋਵਾਂ ਪਾਸਿਆਂ ਤੋਂ ਰਿਸ਼ਤੇਦਾਰਾਂ ਨੇ ਇਕ-ਦੂਜੇ ਪਰਿਵਾਰਾਂ ਨੂੰ ਵਧਾਈਆਂ ਦਿੱਤੀਆਂ। ਅਵਤਾਰ ਧਾਲੀਵਾਲ ਤੇ ਪਰਿਵਾਰ, ਸੁਖਜੀਤ ਸਿੰਘ ਢਿੱਲੋਂ (ਕੁੱਕਾ ਢਿੱਲੋਂ), ਬੀਬੀ ਦਵਿੰਦਰ ਕੌਰ ਢਿੱਲੋਂ ਸੁਪਤਨੀ ਸਵਰਗ ਸੋਹਣ ਸਿੰਘ ਢਿੱਲੋਂ (ਡਿੰਗਰੀਆਂ) ਜਲੰਧਰ, ਨਿਰਮਲ ਕੌਰ ਨਾਹਲ (ਨਾਹਲਾ-ਜਲੰਧਰ), ਦੋਵੇਂ ਲੜਕੇ ਦੀਆਂ ਭੂਆ ਤੇ ਹੋਰ ਰਿਸ਼ਤੇਦਾਰ ਵੀ ਪਹੁੰਚੇ।

ਹਰਦੀਪ ਨਿੱਜਰ ਦੀ ਭੈਣ ਸਨਦੀਪ ਕੌਰ ਤੇ ਉਸਦਾ ਪਤੀ ਲੱਭਾ ਸਿੰਘ ਵੀ ਇਸ ਸ਼ੁਭ ਮੌਕੇ ਦਾ ਸਾਰਾ ਇੰਤਜ਼ਾਮ ਕੀਤਾ ਗਿਆ। ਪਰਦੇਸ ਟਾਇਮਜ਼ ਵੱਲੋਂ ਦੋਵੇਂ ਪਰਿਵਾਰਾਂ ਨੂੰ ਵਧਾਈ।





ਪਰਦੇਸ ਟਾਇਮਜ਼ ਵੱਲੋਂ ਫੰਡ ਰੇਜਿੰਗ ਵੀ ਕੀਤੀ ਜਾਵੇਗੀ

ਪਰਦੇਸ ਟਾਇਮਜ਼ ਦੀ 10ਵੀਂ ਵਰ੍ਹੇਗੰਢ ਯੂਬਾ ਸਿਟੀ ਵਿਚ

ਦਿਨ ਸ਼ਨਿਚਰਵਾਰ 30 ਅਪ੍ਰੈਲ, 2016

ਸ਼ਾਮੀ 7 ਵਜੇ ਤੋਂ 10 ਵਜੇ ਤੱਕ ਮਨਾਈ ਜਾ ਰਹੀ ਹੈ

ਸਪਾਂਸਰਜ਼

ਦੀਦਾਰ ਸਿੰਘ ਬੈਂਸ, ਸਰਬਜੀਤ ਸਿੰਘ ਥਿਆੜਾ, ਗੁਰਮੇਜ ਸਿੰਘ ਗਿੱਲ, ਹਰਦੀਪ ਸਿੰਘ ਢਾਡਲੀ, ਕੁਲਦੀਪ ਸਿੰਘ ਅਟਵਾਲ, ਗੁਰਨਾਮ ਸਿੰਘ ਪੰਮਾ, ਅਵਤਾਰ ਸਿੰਘ ਸਹੋਤਾ (ਤਾਰੀ), ਜਸਬੀਰ ਸਿੰਘ ਕੁਲਾਰ, ਸਰਬਜੀਤ ਸਿੰਘ ਸਾਬੀ, ਦਲਵੀਰ ਗਿੱਲ, ਬਲਰਾਜ ਢਿੱਲੋਂ, ਮੱਖਣ ਸਿੰਘ ਢਿੱਲੋਂ, ਮਨਦੀਪ ਢਿੱਲੋਂ, ਮਨਜੀਤ ਢਿੱਲੋਂ, ਅਜੈਬ ਸਿੰਘ ਮੱਲ੍ਹੀ, ਹਰਜੀਤ ਗਿੱਲ, ਗੁਰਮੀਤ ਤੱਖਰ, ਕਰਮ ਸਿੰਘ ਬੈਂਸ, ਮਨਜੀਤ ਬੈਂਸ, ਹਰਮਨ ਬਸਰਾ, ਗੁਰਦੀਪ ਗਿੱਲ, ਪਰਦੀਪ ਸਿੰਘ ਸਿੰਪੀ, ਬਲਜਿੰਦਰ ਬਾਜਵਾ, ਹਰਨੇਕ ਨੇਕਾ, ਬਲਜੀਤ ਸਿੰਘ ਢਿੱਲੋਂ, ਅਵਤਾਰ ਬੁੱਟਰ, ਹਰਨਰਿੰਦਰ ਪਿੰਕਾ, ਪਰਮਿੰਦਰ ਸਿੰਘ ਗਰੇਵਾਲ, ਭੁਪਿੰਦਰ ਸਿੰਘ, ਬੱਲੀ ਕੰਦੋਲਾ, ਹਰਮਨ ਸੰਧੂ, ਜਸਵਿੰਦਰ ਹੁੰਦਲ, ਸੁਖਵਿੰਦਰ ਸੈਣੀ, ਪਰਮਿੰਦਰ ਗਰੇਵਾਲ, ਮਾਸਟਰ ਔਜਲਾ, ਹਰਭਜਨ ਸਿੰਘ ਢੇਰੀ, ਜਸਵੰਤ ਬੈਂਸ, ਦਿਲਬਾਗ ਸਿੰਘ ਬੈਂਸ, ਮੇਜਰ ਸਰਪੰਚ, ਹਰਵਿੰਦਰ ਬਿੱਲਾ, ਹਰਮਨ ਸ਼ੇਰਗਿੱਲ, ਨਿਰਮਲ ਸਿੰਘ, ਨਾਹਰ ਹੀਰ, ਹੈਰੀ ਹੀਰ, ਕੁਲਦੀਪ ਸਹੋਤਾ 'ਬਿੱਲਾ', ਮਹਾ ਸਿੰਘ ਢਿੱਲੋਂ, ਦਲਜਿੰਦਰ ਅਟਵਾਲ, ਦਿਲਬਾਗ ਸਿੰਘ, ਸੇਵਾ ਸਿੰਘ ਮਾਨ, ਰਜਿੰਦਰ ਚੌਹਾਨ, ਹੈਪੀ ਚੀਮਾ, ਜੋਗਾ ਥਿਆੜਾ, ਪਾਲ ਸਿੰਘ ਗਿੱਲ, ਹਰਸੇਵ ਥਿਆੜਾ, ਜਸਵੰਤ ਬੋਪਾਰਾਏ, ਪਰਵਿੰਦਰ ਮਾਹੀ, ਦਿਲਬਾਗ ਸੰਧਰ, ਅਮਰੀਕ ਸਿੰਘ ਬੱਬੂ, ਮੇਵਾ ਸਿੰਘ ਬੈਂਸ, ਇੰਦਰਜੀਤ ਹੁੰਦਲ, ਸੋਢੀ ਧਾਮੀ, ਸ਼ਾਮ ਸਿੰਘ ਧੁੱਗਾ ਜੰਡ, ਹਰਪਾਲ ਜੌਹਲ ਅਤੇ ਸਿੱਖ ਸੇਵਾ ਸਿਮਰਨ ਸੁਸਾਇਟੀ, ਜੋਗਿੰਦਰ ਪਰਦੇਸੀ।

ਸਟੇਜ ਦੀ ਸੇਵਾ- ਗੁਰਮੇਜ ਸਿੰਘ ਗਿੱਲ, ਪ੍ਰਮਿੰਦਰ ਸਿੰਘ ਗਰੇਵਾਲ ਵੱਲੋਂ ਕੀਤੀ ਜਾਵੇਗੀ

STAR OF INDIA RESTAURANT

ਪ੍ਰੋਗਰਾਮ ਦਾ ਸਥਾਨ

YUBA CITY (NEAR DMV)

ਸਪਾਂਸਰਸ਼ਿਪ ਤੇ ਹੋਰ ਜਾਣਕਾਰੀ ਲਈ ਕਾਲ ਕਰੋ

ਰਣਜੀਤ ਕੰਦੋਲਾ, ਮੈਨੇਜਿੰਗ ਐਡੀਟਰ

(530-315-1020)

ਬਲਬੀਰ ਸਿੰਘ ਐਮ.ਏ. (ਮੁੱਖ ਸੰਪਾਦਕ)

510-938-7771

# ਡੇਰਿਆਂ ਤੋਂ ਕਿਉਂ ਡਰਦੇ ਹਨ ਪੰਜਾਬ ਦੇ ਸਿਆਸਤਦਾਨ

**ਕੇ. ਐਸ. ਚਾਵਲਾ**

ਪੰਜਾਬ ਵਿੱਚ ਵੱਡੀ ਗਿਣਤੀ 'ਚ ਡੇਰੇ ਹਨ ਜਿਨ੍ਹਾਂ ਦੀ ਆਪੋ-ਆਪਣੀ ਸਿਆਸੀ ਮਹੱਤਤਾ ਹੈ। ਵਿਧਾਨ ਸਭਾ ਜਾਂ ਲੋਕ ਸਭਾ ਚੋਣਾਂ ਮੌਕੇ ਵੱਖ-ਵੱਖ ਪਾਰਟੀਆਂ ਦੇ ਮੁਖੀ ਇਨ੍ਹਾਂ ਡੇਰਿਆਂ ਦੇ ਵੋਟਾਂ ਰੂਪੀ 'ਆਸ਼ੀਰਵਾਦ' ਹਾਸਲ ਕਰਨ ਲਈ ਆਪਣੇ ਗੇੜੇ ਵਧਾ ਦਿੰਦੇ ਹਨ। ਇਨ੍ਹਾਂ ਡੇਰਿਆਂ 'ਚੋਂ ਕੁਝ ਜਾਤਾਂ ਨਾਲ ਅਤੇ ਕੁਝ ਧਰਮਾਂ ਨਾਲ ਸਬੰਧਤ ਹਨ। ਕੁਝ ਡੇਰਿਆਂ ਦੇ ਵੱਡੀ ਗਿਣਤੀ 'ਚ ਸ਼ਰਧਾਲੂ ਹਨ ਅਤੇ ਡੇਰੇ ਦੇ ਮੁਖੀ ਦਾ ਹੁਕਮ ਸਿਰ ਮੱਥੇ ਮੰਨਿਆ ਜਾਂਦਾ ਹੈ।

ਪੰਜਾਬ ਵਿਧਾਨ ਸਭਾ ਦੀਆਂ ਅਗਲੇ ਸਾਲ ਦੇ ਸ਼ੁਰੂ 'ਚ ਹੋਣ ਵਾਲੀਆਂ ਚੋਣਾਂ ਨੂੰ ਦੇਖਦਿਆਂ ਸਿਆਸੀ ਆਗੂਆਂ ਨੇ ਇੱਕ-ਦੂਜੇ ਨਾਲ ਮੁਕਾਬਲਾ ਕਰਦਿਆਂ ਇਨ੍ਹਾਂ ਡੇਰਿਆਂ 'ਤੇ ਆਪਣੀ ਹਾਜ਼ਰੀ ਲਵਾਉਣੀ ਸ਼ੁਰੂ ਕਰ ਦਿੱਤੀ ਹੈ। ਪਿਛਲੇ ਮਹੀਨੇ ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਬਹੁਜਨ ਸਮਾਜ ਪਾਰਟੀ ਦੇ ਬਾਨੀ ਕਾਂਸ਼ੀ ਰਾਮ ਦੇ ਜਨਮ ਸਥਾਨ ਰੋਪੜ ਜ਼ਿਲ੍ਹੇ 'ਚ ਪੈਂਦੇ ਪਿੰਡ ਬੂੰਗਾ ਸਾਹਿਬ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਨੂੰ 'ਭਾਰਤ ਰਤਨ' ਦੇਣ ਦੀ ਮੰਗ ਕਰ ਦਿੱਤੀ। ਸਵਰਗੀ ਕਾਂਸ਼ੀ ਰਾਮ ਦੀ ਭੈਣ ਸਵਰਨ ਕੌਰ ਦੇ ਸੱਦੇ 'ਤੇ ਆਏ ਸ੍ਰੀ ਕੇਜਰੀਵਾਲ ਨੂੰ ਦਲਿਤਾਂ ਨੂੰ ਭਰਮਾਉਣ ਦਾ ਇਹ ਚੰਗਾ ਮੌਕਾ ਲੱਭਿਆ। ਇਸੇ ਦਿਨ ਬਸਪਾ ਸੁਪਰੀਮੋ ਮਾਇਆਵਤੀ ਨੇ ਬਸਪਾ ਵਰਕਰਾਂ ਦੀ ਨਵਾਂ ਸ਼ਹਿਰ 'ਚ ਕਾਨਫ਼ਰੰਸ ਕਰ ਕੇ ਬਾਬੂ ਕਾਂਸ਼ੀ ਰਾਮ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਦਿਲਚਸਪ ਗੱਲ ਇਹ ਹੈ ਕਿ ਉਨ੍ਹਾਂ ਵੀ ਕਾਂਸ਼ੀ ਰਾਮ ਨੂੰ 'ਭਾਰਤ ਰਤਨ' ਦੇਣ ਦੀ ਵਕਾਲਤ ਕੀਤੀ। ਨਾਲ ਹੀ ਉਨ੍ਹਾਂ ਐਲਾਨ ਕੀਤਾ ਕਿ ਬਸਪਾ ਪੰਜਾਬ 'ਚ ਇਕੱਲਿਆਂ ਹੀ ਵਿਧਾਨ ਸਭਾ ਚੋਣਾਂ ਲੜੇਗੀ।

ਬੂੰਗਾ ਸਾਹਿਬ 'ਚ ਰੈਲੀ ਤੋਂ ਬਾਅਦ ਸ੍ਰੀ ਕੇਜਰੀਵਾਲ ਜਲੰਧਰ ਜ਼ਿਲ੍ਹੇ 'ਚ ਪੈਂਦੇ ਪਿੰਡ ਬੱਲਾਂ 'ਚ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਸੰਤ ਨਰੰਜਣ ਦਾਸ ਨੂੰ ਮਿਲਣ ਲਈ ਗਏ ਅਤੇ ਉਨ੍ਹਾਂ ਤੋਂ ਆਉਂਦੀਆਂ ਵਿਧਾਨ ਸਭਾ ਚੋਣਾਂ ਲਈ ਆਸ਼ੀਰਵਾਦ ਮੰਗਿਆ। ਇੱਥੇ ਇਹ ਦੱਸਣਾ ਬਣਦਾ ਹੈ ਕਿ ਕੇਜਰੀਵਾਲ ਨੇ ਅੰਨਾ ਹਜ਼ਾਰੇ ਦੇ ਅੰਦੋਲਨ ਦੌਰਾਨ ਜਾਤੀ ਪ੍ਰਥਾ ਦਾ ਵਿਰੋਧ ਕੀਤਾ ਸੀ ਪਰ ਹੁਣ ਜਦੋਂ ਉਨ੍ਹਾਂ ਨੂੰ 'ਆਪ' ਦੀ ਪੰਜਾਬ 'ਚ ਝੰਡੀ ਦਿਖ ਰਹੀ ਹੈ ਤਾਂ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਨਾਲ ਮੁਲਾਕਾਤ ਕਰਨ ਤੋਂ ਮੂੰਹ ਨਹੀਂ ਮੋੜਿਆ ਕਿਉਂਕਿ ਇਹ ਡੇਰਾ ਰਵਿਦਾਸੀਏ ਦਲਿਤਾਂ ਦੀ ਨੁਮਾਇੰਦਗੀ ਕਰਦਾ ਹੈ। ਪੰਜਾਬ 'ਚ ਦਲਿਤਾਂ ਦੀ ਸਭ ਤੋਂ ਵੱਧ 32 ਫ਼ੀਸਦੀ ਆਬਾਦੀ ਹੈ ਅਤੇ ਇਨ੍ਹਾਂ 'ਚੋਂ ਵੱਡੀ ਗਿਣਤੀ ਰਵਿਦਾਸ ਭਾਈਚਾਰੇ ਦੇ ਲੋਕਾਂ ਦੀ ਹੈ। ਰਵਿਦਾਸੀਆ ਅਤੇ ਹੋਰ ਦਲਿਤ ਭਾਈਚਾਰਿਆਂ ਦੀ ਬਹੁਤੀ ਆਬਾਦੀ ਦੁਆਬਾ ਖੇਤਰ ਵਿੱਚ ਵਸੀ ਹੋਈ ਹੈ। ਇਨ੍ਹਾਂ ਵਿੱਚੋਂ ਵੀ ਵੱਡੀ ਗਿਣਤੀ 'ਚ ਲੋਕ ਵਿਦੇਸ਼ ਗਏ ਹੋਏ ਹਨ। ਉਨ੍ਹਾਂ ਉੱਥੇ ਵੀ ਆਪਣੇ ਗੁਰਦੁਆਰੇ ਬਣਾ ਲਏ ਹਨ।

ਪੰਜਾਬ ਦੀਆਂ ਕੁੱਲ 117 ਵਿਧਾਨ ਸਭਾ ਸੀਟਾਂ 'ਚੋਂ 23 ਵਿੱਚ ਦਲਿਤਾਂ ਦੇ ਵੋਟ ਅਹਿਮ ਹਨ ਅਤੇ ਕੋਈ ਵੀ ਸਿਆਸੀ ਪਾਰਟੀ ਡੇਰਾ ਬੱਲਾਂ ਨੂੰ ਅਣਗੌਲਿਆਂ ਕਰਨ ਦਾ ਜੋਖ਼ਿਮ ਨਹੀਂ ਉਠਾ ਸਕਦੀ। ਜ਼ਿਕਰਯੋਗ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਵੀ ਹੁਣੇ ਜਿਹੇ ਦੋ ਵਾਰ ਡੇਰਾ ਬੱਲਾਂ ਦਾ ਦੌਰਾ ਕਰ ਚੁੱਕੇ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਵੀ ਡੇਰਾ ਬੱਲਾਂ ਦਾ ਆਸ਼ੀਰਵਾਦ ਲੈਣ ਦੀ ਤਾਂਘ ਰੱਖਦੇ ਹਨ।

ਪੰਜਾਬ ਦੇ ਵੱਡੇ ਡੇਰਿਆਂ 'ਚੋਂ ਇੱਕ ਬਿਆਸ ਦਾ ਡੇਰਾ ਰਾਧਾਸਵਾਮੀ ਸਤਿਸੰਗ ਹੈ। ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਅੰਮ੍ਰਿਤਸਰ ਦੇ ਆਪਣੇ ਦੌਰੇ ਸਮੇਂ ਚੁੱਪ-ਚੁਪੀਤੇ ਬਿਆਸ ਡੇਰੇ 'ਚ ਪੁੱਜ ਗਏ ਸਨ ਅਤੇ ਉਨ੍ਹਾਂ ਡੇਰਾ ਮੁਖੀ ਨਾਲ ਮੁਲਾਕਾਤ ਕਰਕੇ ਪੰਜਾਬ ਵਿਧਾਨ ਸਭਾ ਚੋਣਾਂ 'ਚ ਪਾਰਟੀ ਲਈ ਹਮਾਇਤ ਮੰਗੀ। ਬਿਆਸ ਡੇਰੇ ਨੇ ਕਿਸੇ ਵੀ ਵਿਵਾਦ 'ਚ ਪੈਣ ਤੋਂ ਕਿਨਾਰਾ ਕੀਤਾ ਹੈ ਪਰ ਅੱਤਿਵਾਦ ਦੇ ਦੌਰ ਵੇਲੇ ਖਾੜਕੂਆਂ ਨੇ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਸੀ। ਉਂਜ, ਰਾਧਾਸਵਾਮੀ ਸਤਿਸੰਗ ਦੇ ਅਹੁਦੇਦਾਰਾਂ ਦੀ ਅਕਾਲੀ ਦਲ ਨਾਲ ਨੇੜਤਾ ਦੀ ਚਰਚਾ ਸਮੇਂ ਸਮੇਂ ਹੁੰਦੀ ਰਹੀ ਹੈ। ਪੰਜਾਬ 'ਚ ਨਿਰੰਕਾਰੀਆਂ ਦੀ ਵੀ ਵੱਡੀ ਗਿਣਤੀ ਹੈ। 1978 ਦੀ ਵਿਸਾਖੀ ਮੌਕੇ ਅੰਮ੍ਰਿਤਸਰ 'ਚ 13 ਸਿੱਖਾਂ ਦੀ ਹੱਤਿਆ ਤੋਂ ਬਾਅਦ ਸ੍ਰੀ ਅਕਾਲ ਤਖਤ ਤੋਂ ਹੁਕਮਨਾਮਾ ਜਾਰੀ ਕਰਕੇ ਨਿਰੰਕਾਰੀਆਂ ਦਾ ਸਮਾਜਿਕ ਬਾਈਕਾਟ ਕਰ ਦਿੱਤਾ ਗਿਆ ਸੀ। ਇਹ ਸੱਦਾ ਅਜੇ ਵੀ ਵਾਪਸ ਨਹੀਂ ਲਿਆ ਗਿਆ ਹਾਲਾਂਕਿ ਸਮੇਂ ਦੇ ਗੁਜ਼ਰਨ ਨਾਲ ਇਸ ਸੰਤ ਨਿਰੰਕਾਰੀ ਮੰਡਲ ਤੇ ਸਿੱਖ ਭਾਈਚਾਰੇ ਦਰਮਿਆਨ ਕਸ਼ੀਦਗੀ ਵੀ ਖ਼ਤਮ ਹੋ ਗਈ ਹੈ।

ਸਭ ਤੋਂ ਵੱਧ ਵਿਵਾਦਤ ਡੇਰਾ, ਸਿਰਸਾ ਦਾ ਡੇਰਾ ਸੱਚਾ ਸੌਦਾ ਹੈ ਜਿਸ ਦੀ ਅਗਵਾਈ ਬਾਬਾ ਗੁਰਮੀਤ ਰਾਮ ਰਹੀਮ ਸਿੰਘ ਕਰਦੇ ਹਨ। ਪੰਜਾਬ ਦੇ ਮਾਲਵਾ ਖ਼ਿੱਤੇ ਦੇ ਬਠਿੰਡਾ, ਮਾਨਸਾ ਅਤੇ ਸੰਗਰੂਰ ਜ਼ਿਲ੍ਹਿਆਂ 'ਚ ਉਨ੍ਹਾਂ ਦਾ ਜ਼ਿਆਦਾ ਪ੍ਰਭਾਵ ਹੈ। ਅਦਾਲਤਾਂ 'ਚ ਕੇਸ ਚੱਲ ਰਹੇ ਹੋਣ ਦੇ ਬਾਵਜੂਦ ਉਨ੍ਹਾਂ ਦੇ ਸ਼ਰਧਾਲੂਆਂ ਦੀ ਤਾਦਾਦ ਵਿੱਚ ਕੋਈ ਕਮੀ ਨਹੀਂ ਆਈ। ਚੋਣਾਂ ਦੌਰਾਨ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ ਉਨ੍ਹਾਂ ਦੀ ਹਮਾਇਤ ਲੈਣ ਲਈ ਡੇਰੇ 'ਚ ਜੁੜਦੇ ਹਨ। ਇਹ ਡੇਰਾ ਮੁਖੀ, ਧਰਮ ਦੇ ਨਾਲ-ਨਾਲ ਸਿਆਸੀ ਪੱਧਰ 'ਤੇ ਵੀ ਸਰਗਰਮ ਹਨ। ਇਸ ਡੇਰੇ ਨੇ ਹਰਿਆਣਾ ਵਿੱਚ ਭਾਜਪਾ ਦੀ ਜਿੱਤ 'ਚ ਭੂਮਿਕਾ ਨਿਭਾਈ ਸੀ। ਸਾਲ 2008 'ਚ ਸਿਰਸਾ ਦੇ ਡੇਰਾ ਮੁਖੀ ਉਸ ਸਮੇਂ ਵਿਵਾਦਾਂ 'ਚ ਆ ਗਏ ਸਨ ਜਦੋਂ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਵਾਲਾ ਬਾਣਾ ਧਾਰ ਕੇ 'ਅੰਮ੍ਰਿਤ' ਛਕਾਉਣ ਦਾ ਸਵਾਂਗ ਰਚਿਆ ਸੀ। ਪੰਜਾਬ ਦੇ ਸਿੱਖਾਂ ਨੇ ਇਸ ਦਾ ਤਿੱਖਾ ਵਿਰੋਧ ਕੀਤਾ ਸੀ ਜਿਸ ਕਾਰਨ ਡੇਰਾ ਮੁਖੀ ਦਾ ਵੀ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰਕੇ ਸਮਾਜਿਕ ਬਾਈਕਾਟ ਕਰ ਦਿੱਤਾ ਗਿਆ ਸੀ।

ਪਿਛਲੇ ਸਾਲ ਸਿੰਘ ਸਾਹਿਬਾਨ ਵੱਲੋਂ ਹੁਕਮਰਾਨਾਂ ਦੇ ਦਬਾਅ ਹੇਠ ਹੁਕਮਨਾਮਾ ਵਾਪਸ ਲੈ ਲਿਆ ਗਿਆ ਜਿਸ ਨਾਲ ਦੁਨੀਆਂ ਭਰ ਦੇ ਸਿੱਖਾਂ 'ਚ ਰੋਸ ਦੀ ਲਹਿਰ ਫੈਲ ਗਈ। ਸਿੱਖ ਸੜਕਾਂ 'ਤੇ ਆ ਗਏ ਅਤੇ ਪੰਜ ਪਿਆਰਿਆਂ ਨੇ ਵੀ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਖ਼ਿਲਾਫ਼ ਬਗ਼ਾਵਤ ਦਾ ਝੰਡਾ ਚੁੱਕ ਲਿਆ। ਸਿੱਖਾਂ ਦੇ ਵਧਦੇ ਰੋਸ ਨੂੰ ਦੇਖਦਿਆ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਮੁਆਫ਼ੀਨਾਮਾ ਵਾਪਸ ਲੈਣਾ ਪਿਆ। ਕਿਹਾ ਜਾਂਦਾ ਹੈ ਕਿ ਬਾਦਲ ਵੀ ਵੋਟਾਂ ਲਈ ਉਨ੍ਹਾਂ ਦੇ ਡੇਰੇ 'ਤੇ ਨਤਮਸਤਕ ਹੁੰਦੇ ਰਹੇ ਹਨ। ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਪ੍ਰਕਾਸ਼ ਸਿੰਘ ਬਾਦਲ ਵਿਚਕਾਰ 1999 'ਚ ਹੋਏ ਤੋੜ,-ਵਿਛੋੜੇ ਤੋਂ ਬਾਅਦ ਕੁਝ ਤਸਵੀਰਾਂ ਮੀਡੀਆ 'ਚ ਆਈਆਂ ਸਨ ਜਿਨ੍ਹਾਂ 'ਚ ਜਥੇਦਾਰ ਟੌਹੜਾ ਨੂੰ ਡੇਰਾ ਮੁਖੀ ਅੱਗੇ ਪੇਸ਼ ਹੁੰਦਿਆਂ ਦਿਖਾਇਆ ਗਿਆ ਸੀ। ਉਂਜ, ਇਹ ਤਸਵੀਰਾਂ ਜਾਅਲੀ ਹੋਣ ਦਾ ਪ੍ਰਭਾਵ ਖ਼ੁਦ-ਬਖ਼ੁਦ ਦਿੰਦੀਆਂ ਸਨ।

ਪੰਜਾਬ 'ਚ ਸਿੱਖ ਸੰਤਾਂ ਦੇ ਕਰੀਬ 200 ਡੇਰੇ ਹਨ ਅਤੇ ਕੁਝ ਡੇਰਿਆਂ ਦੇ ਸ਼ਰਧਾਲੂਆਂ ਦੀ ਗਿਣਤੀ ਵਧੇਰੇ ਹੈ। ਇੱਕ ਹੋਰ ਅਨੁਮਾਨ ਅਨੁਸਾਰ ਇਨ੍ਹਾਂ ਛੋਟੇ-ਵੱਡੇ ਡੇਰਿਆਂ ਦੀ ਗਿਣਤੀ ਕਈ ਹਜ਼ਾਰ ਹੈ। 1994 'ਚ ਇਨ੍ਹਾਂ ਸੰਤਾਂ ਨੇ ਲੁਧਿਆਣਾ 'ਚ ਤਿੰਨ ਰੋਜ਼ਾ ਸੈਮੀਨਾਰ ਕਰਕੇ 'ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ' ਦਾ ਗਠਨ ਕੀਤਾ ਜਿਸ ਦਾ ਮੁਖੀ ਬਾਬਾ ਸਰਬਜੋਤ ਸਿੰਘ ਬੇਦੀ ਨੂੰ ਬਣਾਇਆ ਗਿਆ। ਸੰਤ ਸਮਾਜ ਨੇ ਪ੍ਰਚਾਰ ਦੇ ਨਾਲ ਨਾਲ ਸਿਆਸੀ ਲਾਹਾ ਵੀ ਲਿਆ ਪਰ ਕੁਝ ਸਮੇਂ ਸਰਗਰਮ ਰਹਿਣ ਤੋਂ ਬਾਅਦ ਬਾਬਾ ਸਰਬਜੋਤ ਸਿੰਘ ਨੇ ਸੰਤ ਸਮਾਜ ਤੋਂ ਕਿਨਾਰਾ ਕਰ ਲਿਆ ਅਤੇ ਹੁਣ ਇਸ ਦੀ ਅਗਵਾਈ ਬਾਬਾ ਹਰਨਾਮ ਸਿੰਘ ਧੁੰਮਾ ਕਰ ਰਹੇ ਹਨ ਜੋ ਦਮਦਮੀ ਟਕਸਾਲ ਦੇ ਮੁਖੀ ਵੀ ਹਨ। ਕੁਣ ਕਾਫ਼ੀ ਵੱਡੀ ਗਿਣਤੀ 'ਚ ਸਿੱਖ ਡੇਰਿਆਂ ਨੇ ਸੰਤ ਸਮਾਜ ਤੋਂ ਪਾਸਾ ਵੱਟ ਲਿਆ ਅਤੇ ਆਪੋ-ਆਪਣੇ ਰਾਹ ਪੈ ਗਏ ਕਿਉਂਕਿ ਬਾਬਾ ਧੁੰਮਾ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਕਥਿਤ ਤੌਰ 'ਤੇ ਸੁਖਬੀਰ ਸਿੰਘ ਬਾਦਲ ਦਾ ਪੱਖ ਪੂਰਦੇ ਹਨ। ਬਾਬਾ ਧੁੰਮਾ ਦੀ ਜ਼ਿੱਦ 'ਤੇ ਹੀ ਪਾਲ ਸਿੰਘ ਪੁਰੇਵਾਲ (ਕੈਨੇਡਾ) ਵੱਲੋਂ ਤਿਆਰ ਕੀਤੇ ਗਏ ਨਾਨਕਸ਼ਾਹੀ ਕੈਲੰਡਰ 'ਚ ਸੋਧ ਕਰ ਦਿੱਤੀ ਗਈ ਅਤੇ ਹੁਣ ਪੁਰਾਣੇ ਕੈਲੰਡਰ ਨੂੰ ਹੀ 'ਨਾਨਕਸ਼ਾਹੀ ਕੈਲੰਡਰ' ਦੇ ਨਾਮ ਨਾਲ ਜਾਰੀ ਕਰ ਦਿੱਤਾ ਗਿਆ ਹੈ। ਡੇਰਿਆਂ ਵਾਂਗ ਕਈ ਸਿੱਖ ਸੰਪਰਦਾਵਾਂ ਵੀ ਸਰਗਰਮ ਹਨ। ਇਨ੍ਹਾਂ 'ਚੋਂ ਨਾਨਕਸਰ ਕਲੇਰਾਂ ਕਾਫ਼ੀ ਮਸ਼ਹੂਰ ਹੈ। ਸੰਤ ਈਸ਼ਰ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਇਸ ਦੀ ਵੰਡ ਹੋ ਗਈ ਅਤੇ ਹੁਣ ਇਸ ਦੇ ਤਿੰਨ ਮੁਖੀ ਹਨ ਪਰ ਹੈੱਡਕੁਆਰਟਰ ਨਾਨਕਸਰ ਕਲੇਰਾਂ 'ਚ ਹੀ ਹੈ। ਮਾਲਵਾ ਖ਼ਿੱਤੇ 'ਚ ਗੋਨਿਆਣਾ ਮੰਡੀ 'ਚ ਪੈਂਦੀ ਸੇਵਾਪੰਥੀ ਸੰਪਰਦਾ ਦੀ ਵੀ ਮਹੱਤਤਾ ਹੈ। ਇਸ ਦੀ ਸਥਾਪਨਾ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਰਧਾਲੂ ਭਾਈ ਕਨ੍ਹੱਈਆ ਜੀ ਨੇ ਕੀਤੀ ਸੀ। ਮਾਲਵੇ ਦੇ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਅਤੇ ਸੰਤ ਦਲੇਰ ਸਿੰਘ ਖੇੜੀ ਦੇ ਡੇਰਿਆਂ ਦੇ ਪੈਰੋਕਾਰਾਂ ਦੀ ਗਿਣਤੀ ਵੀ ਕਾਫ਼ੀ ਜ਼ਿਆਦਾ ਹੈ। ਅਕਤੂਬਰ 2015 'ਚ ਗੁਰੂ ਗਰੰਥ ਸਾਹਿਬ ਦੇ ਸਰੂਪਾਂ ਦੀ ਬੇਅਦਬੀ ਦੇ ਵਿਰੋਧ 'ਚ ਹੋਏ ਅੰਦੋਲਨਾਂ ਵੇਲੇ ਇਹ ਸੰਤ ਕਾਫ਼ੀ ਸਰਗਰਮ ਰਹੇ ਹਨ।

ਉੱਘੇ ਸਿੱਖ ਵਿਦਵਾਨ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਦਾ ਮੰਨਣਾ ਹੈ ਕਿ ਇਹ ਮਿੱਥ ਹੀ ਹੈ ਕਿ ਡੇਰੇ ਸਿਆਸੀ ਪਾਰਟੀਆਂ ਦੇ ਹੱਕ ਵਿੱਚ ਵੋਟ ਭੁਗਤਾਉਂਦੇ ਹਨ। ਉਨ੍ਹਾਂ ਮੁਤਾਬਕ ਡੇਰਿਆਂ ਦੇ ਮੁਖੀ ਆਪਣੇ ਰੁਤਬੇ ਨੂੰ ਸਿਆਸੀ ਮੰਤਵਾਂ ਲਈ ਵਰਤਦੇ ਹਨ। ਇੱਕ ਹੋਰ ਵਿਦਵਾਨ, ਜੋ ਆਪਣੀ ਪਛਾਣ ਨਹੀਂ ਦੱਸਣਾ ਚਾਹੁੰਦੇ, ਇਨ੍ਹਾਂ ਬਾਬਿਆਂ ਨੂੰ 'ਡਾਲਰ ਬਾਬੇ' ਦਾ ਨਾਮ ਦਿੰਦੇ ਹਨ ਕਿਉਂਕਿ ਉਹ ਵਿਦੇਸ਼ਾਂ 'ਚ ਜਾ ਕੇ ਆਪਣੇ ਸ਼ਰਧਾਲੂਆਂ ਤੋਂ ਦਾਨ ਵਜੋਂ ਡਾਲਰ ਇਕੱਠੇ ਕਰਦੇ ਹਨ ਅਤੇ ਫਿਰ ਇਨ੍ਹਾਂ ਨੂੰ ਭਾਰਤ ਵਿੱਚ ਭੁਨਾ ਕੇ ਆਪਣਾ ਪ੍ਰਭਾਵ ਖੇਤਰ ਵਧਾਉਂਦੇ ਹਨ। ਜੋ ਵੀ ਹੋਵੇ, ਡੇਰਿਆਂ ਨੇ ਪੰਜਾਬ ਦੀ ਰਾਜਨੀਤੀ ਨੂੰ ਪੇਚੀਦਾ ਬਣਾਉਣ ਵਿੱਚ ਭੂਮਿਕਾ ਨਿਭਾਈ ਹੈ ਅਤੇ ਹਰ ਸਿਆਸਤਦਾਨ ਇਨ੍ਹਾਂ ਦੀ ਮੁੱਠੀ-ਚਾਪੀ ਕਰਨ ਵਿੱਚ ਹੀ ਆਪਣਾ ਭਲਾ ਮੰਨਦਾ ਹੈ।



ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ
ਲੱਖ ਲੱਖ ਮੁਬਾਰਕਾਂ

ਹਰਮਿੰਦਰ ਖਿੰਡਾ



ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ
ਲੱਖ ਲੱਖ ਮੁਬਾਰਕਾਂ

Suprai brothers
live oak




# ਡਾਇਬਟੀਜ਼ ਦੇ ਕੁਝ ਸੰਕੇਤ, ਜਿਹਨਾਂ ਦੀ ਅਣਦੇਖੀ ਕਰਨ ਦੀ ਗਲਤੀ ਨਾ ਕਰੋ

ਸਾਡੇ ਵਿਚੋਂ ਜ਼ਿਆਦਾਤਰ ਲੋਕ ਡਾਇਬਟੀਜ਼ ਦੇ ਸ਼ੁਰੂਆਤੀ ਸੰਕੇਤਾਂ 'ਤੇ ਧਿਆਨ ਨਹੀਂ ਦਿੰਦੇ। ਇਸ ਕਰਕੇ ਇਹ ਸਮੱਸਿਆ ਕਾਫੀ ਵੱਧ ਜਾਂਦੀ ਹੈ ਅਤੇ ਦਿਲ, ਕਿਡਨੀ, ਬ੍ਰੇਨ, ਅੱਖਾਂ ਸਮੇਤ ਪੂਰੀ ਸਿਹਤ ਤੇ ਮਾੜਾ ਅਸਰ ਕਰਦੀ ਹੈ। ਸਮਾਂ ਰਹਿੰਦੇ ਡਾਇਬਟੀਜ਼ ਦੀ ਪਛਾਣ ਹੋ ਜਾਵੇ ਤਾਂ ਇਸਦਾ ਇਲਾਜ ਬੜੀ ਆਸਾਨੀ ਨਾਲ ਹੋ ਸਕਦਾ ਹੈ। ਕੁਝ ਅਜਿਹੇ ਲੱਛਣ ਹਨ, ਜੋ ਡਾਇਬਟੀਜ਼ ਦੀ ਨਿਸ਼ਾਨੀ ਹੋ ਸਕਦੇ ਹਨ।

**ਥਕਾਵਟ**

ਅਕਸਰ ਤੁਹਾਨੂੰ ਥਕਾਵਾਂ ਮਹਿਸੂਸ ਹੁੰਦੀ ਹੈ। ਸੌਂ ਕੇ ਉਠਣ ਤੋਂ ਬਾਅਦ ਵੀ ਨੀਂਦ ਆਉਂਦੀ ਰਹਿੰਦੀ ਹੈ, ਤਾਂ ਹੋ ਸਕਦਾ ਹੈ ਕਿ ਤੁਹਾਡਾ ਬਲੱਡ ਸ਼ੂਗਰ ਲੈਵਲ ਵੱਧ ਰਿਹਾ ਹੈ।

**ਵਜਨ ਘੱਟ ਹੋਣਾ**

ਅਚਾਨਕ ਤੇਜੀ ਨਾਲ ਵਜਨ ਘਟਣਾ ਡਾਇਬਟੀਜ਼ ਦਾ ਸੰਕੇਤ ਹੈ। ਇਸਦੀ ਅਣਦੇਖੀ ਨਾ ਕਰੋ।

**ਪਿਸ਼ਾਬ ਆਉਣਾ**

ਸਰੀਰ ਵਿਚ ਜ਼ਿਆਦਾ ਮਾਤਰਾ ਵਿਚ ਇਕੱਠੀ ਹੋ ਗਈ ਸ਼ੂਗਰ ਯੂਰਿਨ ਦੇ ਜਰੀਏ ਬਾਹਰ ਨਿਕਲਦੀ ਹੈ, ਇਸ ਕਰਕ ਵਾਰ ਵਾਰ ਪਿਸ਼ਾਬ ਆਉਂਦਾ ਹੈ।

**ਤੇਜ ਭੁੱਖ**

ਅਚਾਨਕ ਭੁੱਖ ਵੱਧ ਜਾਵੇ, ਵਾਰ-ਵਾਰ ਖਾਣ ਨੂੰ ਮਨ ਕਰੇ ਜਾਂ ਖਾਣੇ ਦੇ ਕੁਝ ਦੇਰ ਬਾਅਦ ਹੀ ਭੁੱਖ ਲੱਗੇ ਤਾਂ ਤੁਹਾਨੂੰ ਡਾਇਬਟੀਜ਼ ਹੋ ਸਕਦੀ ਹੈ।

**ਪਿਆਸ**

ਡਾਇਬਟੀਜ਼ ਮਰੀਜ਼ਾਂ ਦੇ ਸਰੀਰ ਦਾ ਪਾਣੀ ਅਤੇ ਸ਼ੂਗਰ ਯੂਰਿਨ ਦੇ ਜ਼ਰੀਏ ਬਾਹਰ ਨਿਕਲ ਜਾਂਦੀ ਹੈ, ਇਸ ਕਰਕੇ ਵਾਰ ਵਾਰ ਪਿਆਸ ਲੱਗਦੀ ਹੈ।

**ਕਮਜ਼ੋਰ ਅੱਖਾਂ**

ਡਾਇਬਟੀਜ਼ ਦਾ ਅੱਖਾਂ ਦੇ ਰੇਟਿਨਾ 'ਤੇ ਮਾੜਾ ਅਸਰ ਪੈਂਦਾ ਹੈ। ਇਸ ਕਰਕੇ ਦਿਨ-ਬ-ਦਿਨ ਅੱਖਾਂ ਕਮਜ਼ੋਰ ਹੋਣ ਲੱਗਦੀਆਂ ਹਨ ਅਤੇ ਧੁੰਦਲਾ ਦਿਖਾਈ ਦਿੰਦਾ ਹੈ।

**ਸਨਸਨਾਹਟ- ਜਲਣ**

ਅਕਸਰ ਹੱਥ-ਪੈਰ ਸੁੰਨ ਪੈ ਜਾਣ, ਇਹਨਾਂ ਵਿਚ ਸੁੰਨਸਨਾਹਟ ਜਾਂ ਕੀੜੀਆਂ ਦੇ ਕੱਟਣ ਦਾ ਅਹਿਸਾਸ ਹੋਵੇ ਜਾਂ ਤੇਜ ਜਲਣ ਮਹਿਸੂਸ ਹੋਵੇ ਤਾਂ ਤੁਰੰਤ ਡਾਕਟਰ ਨੂੰ ਦਿਖਾਓ।

**ਜ਼ਖਮ ਨਾ ਭਰਨਾ**

ਬਲੱਡ ਵਿਚ ਸ਼ੂਗਰ ਲੈਵਲ ਵਧਣ 'ਤੇ ਸਰੀਰ ਦੇ ਜ਼ਖਮ ਅਸਾਨੀ ਨਾਲ ਠੀਕ ਨਹੀਂ ਹੁੰਦੇ, ਇਸ



ਕਰਕੇ ਛੋਟੀ-ਮੋਟੀ ਖਰੋਚ ਜਾਂ ਸੱਟ ਠੀਕ ਹੋਣ ਵਿਚ ਜ਼ਿਆਦਾ ਵਕਤ ਲੈਂਦੀ ਹੈ।

**ਬਿਮਾਰ ਰਹਿਣਾ**

ਡਾਇਬਟੀਜ਼ ਦੇ ਕਾਰਨ ਕਮਜ਼ੋਰ ਹੋ ਚੁੱਕਾ ਸਰੀਰ ਬਿਮਾਰੀਆਂ ਨਾਲ ਲੜ ਨਹੀਂ ਪਾਉਂਦਾ, ਤਾਂ ਕੋਈ ਨਾ ਕੋਈ ਹੈਲਥ ਪ੍ਰਾਬਲਮ ਬਣੀ ਰਹਿੰਦੀ ਹੈ।

**ਘੱਟ ਸੁਣਾਈ ਦੇਣਾ**

ਡਾਇਬਟੀਜ਼ ਦੇ ਕਾਰਨ ਕੰਨ ਦੇ ਅੰਦਰ ਦੇ ਸੈਲ ਡੈਮੇਜ ਹੋ ਜਾਂਦੇ ਹਨ, ਜਿਸਦਾ ਮਾੜਾ ਅਸਰ ਸੁਣਨ ਦੀ ਸਮ-ਰੱਥਾ ਤੇ ਪੈਂਦਾ ਹੈ।

**ਕਮਜ਼ੋਰ ਚਮੜੀ**

ਚਮੜੀ ਖਾਸ ਤੌਰ ਤੇ ਗਰਦਨ ਦੇ ਪਿਛਲੇ ਹਿੱਸੇ, ਕੂਹਣੀਆਂ ਜਾਂ ਗੋਡਿਆਂ ਤੇ ਪੈਣ ਵਾਲੇ ਡਾਰਕ ਪੈਚੇਸ ਬਲੱਡ ਵਿਚ ਵੱਧ ਰਹੇ ਸ਼ੂਗਰ ਪੱਧਰ ਦਾ ਲੱਛਣ ਹੋ ਸਕਦੇ ਹਨ।

**ਫੋੜਾ-ਫਿਨਸੀ**

ਬਲੱਡ ਵਿਚ ਸ਼ੂਗਰ ਲੈਵਲ ਵੱਧ ਜਾਣ ਤੇ ਅਕਸਰ ਫੋੜੇ-ਫਿਨਸੀਆਂ ਪ੍ਰੇਸ਼ਾਨ ਕਰਨ ਲੱਗਦੀਆਂ ਹਨ। ਇਸ ਕਰਕ ਇਹਨਾਂ ਨੂੰ ਅਵਾਈਡ ਕਰਨ ਦੀ ਗਲਤੀ ਨਾ ਕਰੋ।

# ਖਾਣੇ ਤੋਂ ਤੁਰੰਤ ਬਾਅਦ ਇਹਨਾਂ ਆਦਤਾਂ ਤੋਂ ਬਚੋ

ਸਿਹਤ ਚੰਗਾ ਖਾਣ ਨਾਲ ਸਿਹਤ ਨਹੀਂ ਬਣਦੀ, ਬਲਕਿ ਇਹ ਧਿਆਨ ਦੇਣਾ ਵੀ ਜ਼ਰੂਰੀ ਹੈ ਕਿ ਖਾਣੇ ਤੋਂ ਬਾਅਦ ਆਖਿਰ ਅਸੀਂ ਕਰਦੇ ਕੀ ਹਾਂ? ਦਰਅਸਲ ਖਾਣੇ ਦਾ ਪੂਰਾ ਫਾਇਦਾ ਸਾਨੂੰ ਉਦੋਂ ਮਿਲਦਾ ਹੈ, ਜਦੋਂ ਡਾਈਜੇਸ਼ਨ ਸਹੀ ਤਰੀਕੇ ਨਾਲ ਹੋਵੇ ਅਤੇ ਖਾਣੇ ਵਿਚ ਮੌਜੂਦ ਨਿਊਟ੍ਰੀਐਂਟਸ ਨੂੰ ਸਾਡਾ ਸਰੀਰ ਆਬਜਰਬ ਕਰ ਲਵੇ ਪਰ ਸਾਡੇ ਵਿਚੋਂ ਜ਼ਿਆਦਾਤਰ ਲੋਕ ਖਾਣੇ ਤੋਂ ਬਾਅਦ ਅਜਿਹੇ ਕਈ ਕੰਮ ਕਰਦੇ ਹਨ, ਜਿਹਨਾਂ ਦਾ ਡਾਈਜੇਸ਼ਨ ਅਤੇ ਸਾਡੀ ਸਿਹਤ ਤੇ ਮਾੜਾ ਅਸਰ ਪੈਂਦਾ ਹੈ।

**ਖਾਣੇ ਤੋਂ ਘੱਟ ਤੋਂ ਘੱਟ 2 ਘੰਟੇ ਬਾਅਦ ਸੌਂਵੋ**

ਖਾਣਾ ਖਾਣ ਤੋਂ ਤੁਰੰਤ ਬਾਅਦ ਸੌਣ ਜਾਂ ਲੇਟਣ ਦੀ ਆਦਤ ਸਿਹਤ ਵਿਗਾੜ ਸਕਦੀ ਹੈ। ਖਾ ਕੇ ਲੇਟਣ ਤੇ ਡਾਈਜੇਸ਼ਨ ਧੀਮਾ ਹੋ ਜਾਂਦਾ ਹੈ। ਖਾਣਾ ਠੀਕ ਤਰੀਕੇ ਨਾਲ ਡਾਈਜੈਸਨ ਨਾ ਹੋਣ ਦੇ ਕਾਰਨ ਹਾਰਟ ਬਰਨ ਅਤੇ ਗੈਸ ਦੀ ਸਮੱਸਿਆ ਹੋ ਸਕਦੀ ਹੈ।



**ਖਾਣੇ ਤੋਂ ਅੱਧਾ ਘੰਟਾ ਬਾਅਦ ਨਹਾਓ**

ਨਹਾਉਂਦੇ ਸਮੇਂ ਸਾਡਾ ਸਰੀਰ ਠੰਡਾ ਹੋ ਜਾਂਦਾ ਹੈ, ਜਿਸਦਾ ਅਸਰ ਬਲੱਡ ਸਰਕੂਲੇਸ਼ਨ ਤੇ ਪੈਂਦਾ ਹੈ। ਇਸ ਨਾਲ ਡਾਈਜੇਸ਼ਨ ਧੀਮਾ ਹੋ ਜਾਂਦਾ ਹੈ। ਖਾਣਾ ਠੀਕ ਤਰੀਕੇ ਨਾਲ ਡਾਈਜੈਬਨ ਨਾ ਹੋਣ ਤੇ ਐਸੀਡਿਟੀ, ਗੈਸ ਅਤੇ ਕਬਜ ਹੋ ਸਕਦੀ ਹੈ।

**ਖਾਣੇ ਤੋਂ ਬਾਅਦ ਘੱਟ ਤੋਂ ਘੱਟ 2 ਘੰਟੇ ਸਮੋਕਿੰਗ ਨਾ ਕਰੋ**

ਖਾਣੇ ਤੋਂ ਬਾਅਦ ਪੀਤੀ ਗਈ ਇਕ ਸਿਗਰਟ 10 ਗੁਣਾਂ ਜ਼ਿਆਦਾ ਮਾੜਾ ਅਸਰ ਪਾਉਂਦੀ ਹੈ। ਇਸ ਨਾਲ ਕੈਂਸਰ ਦੀ ਸ਼ੰਕਾ ਵੱਧ ਜਾਂਦੀ ਹੈ। ਨਾਲ ਹੀ ਹਾਰਟ ਡਿਜ਼ੀਜ਼ ਅਤੇ ਬ੍ਰੀਦ੍ਹਿੰਗ ਦੀ ਸਮੱਸਿਆ ਹੋ ਸਕਦੀ ਹੈ।

**ਖਾਣੇ ਤੋਂ ਇਕ ਘੰਟੇ ਬਾਅਦ ਫਲ ਖਾ ਸਕਦੇ ਹੋ**

ਖਾਣੇ ਤੋਂ ਤੁਰੰਤ ਬਾਅਦ ਫਲ ਖਾਣ ਤੇ ਉਹਨਾਂ ਦਾ ਡਾਈਜੇਸ਼ਨ ਸਹੀ ਤਰੀਕੇ ਨਾਲ ਨਹੀਂ ਹੋ ਪਾਉਂਦਾ, ਜਿਸ ਕਾਰਨ ਉਹਨਾਂ ਦਾ ਪੂਰਾ ਨਿਊਟ੍ਰੀਸ਼ਨ ਬਾਡੀ ਨੂੰ ਨਹੀਂ ਮਿਲਦਾ। ਇਸ ਨਾਲ ਐਸੀਡਿਟੀ ਅਤੇ ਇਨਡਾਈਜੇਸ਼ਨ ਹੋ ਸਕਦਾ ਹੈ। ਖਾਣੇ ਤੋਂ ਬਾਅਦ ਫਲ ਖਾਣ ਤੇ ਅਕਸਰ ਅਸੀਂ ਓਵਰ ਈਟਿੰਗ ਕਰਦੇ ਹਾਂ, ਜਿਸ ਨਾਲ ਮੋਟਾਪਾ ਵਧਦਾ ਹੈ।

**ਖਾਣੇ ਤੋਂ ਅੱਧੇ ਘੰਟੇ ਬਾਅਦ ਟਹਿਲ ਸਕਦੇ ਹੋ**

ਖਾਣੇ ਤੋਂ ਤੁਰੰਤ ਬਾਅਦ ਵਾਕ ਕਰਨ ਨਾਲ ਸਰੀਰ ਦੇ ਬਲੱਡ ਸਰਕੂਲੇਸ਼ਨ ਤੇ ਅਸਰ ਪੈਂਦਾ ਹੈ। ਇਸ ਨਾਲ ਡਾਈਜੇਸ਼ਨ ਸਹੀ ਤਰੀਕੇ ਨਾਲ ਨਹੀਂ ਹੋ ਪਾਉਂਦਾ ਅਤੇ ਐਸਿਡ ਰਿਫਲੈਕਸ ਦੀ ਸਮੱਸਿਆ ਹੋ ਸਕਦੀ ਹੈ।

**ਖਾਣੇ ਤੋਂ 2 ਘੰਟੇ ਬਾਅਦ ਚਾਹ ਪੀ ਸਕਦੇ ਹੋ**

ਚਾਹ ਦੀਆਂ ਪੱਤੀਆਂ ਵਿਚ ਐਸੀਡਿਕ ਪ੍ਰਾਪਰਟੀ ਹੁੰਦੀ ਹੈ। ਇਸ ਕਰਕੇ ਖਾਣੇ ਤੋਂ ਬਾਅਦ ਚਾਹ ਪੀਣ ਨਾਲ ਪ੍ਰੋਟੀਨ ਦਾ ਡਾਈਜੇਸ਼ਨ ਸਹੀ ਤਰੀਕੇ ਨਾਲ ਨਹੀਂ ਹੋ ਪਾਉਂਦਾ ਅਤੇ ਇਨਡਾਈਜੇਸ਼ਨ ਦੀ ਸਮੱਸਿਆ ਹੋ ਸਕਦੀ ਹੈ।

**ਖਾਣੇ ਦੇ ਅੱਧੇ ਘੰਟੇ ਬਾਅਦ ਬੈਲਟ ਖੋਲ੍ਹ ਸਕਦੇ ਹੋ**

ਖਾਣੇ ਤੋਂ ਤੁਰੰਤ ਬਾਅਦ ਪੇਟ ਨੂੰ ਆਰਾਮ ਦੇਣ ਦੇ ਲਈ ਬੈਲਟ ਖੋਡਣ ਦੀ ਗਲਤੀ ਨਾ ਕਰੋ। ਇਸਦਾ ਡਾਈਜੇਸ਼ਨ 'ਤੇ ਮਾੜਾ ਅਸਰ ਪੈਂਦਾ ਹੈ ਅਤੇ ਇਸ ਨਾਲ ਇੰਟਸਟਾਈਨ ਵੀ ਬਲਾਕ ਹੋ ਸਕਦਾ ਹੈ।

**ਖਾਣੇ ਤੋਂ ਅੱਧੇ ਘੰਟੇ ਬਾਅਦ ਬ੍ਰਸ਼ ਕਰ ਸਕਦੇ ਹੋ**

ਜ਼ਿਆਦਾ ਮਿੱਠਾ ਜਾਂ ਕੁਝ ਵੀ ਖੱਟਾ ਖਾਣ ਤੋਂ ਬਾਅਦ ਦੰਦਾਂ ਦਾ ਅਨਾਮਲ (ਉਪਰਲੀ ਪਰਤ) ਕਮਜ਼ੋਰ ਹੋ ਜਾਂਦੀ ਹੈ। ਇਸ ਕਰਕੇ ਬ੍ਰਸ਼ ਕਰਨ ਨਾਲ ਇਹ ਨਿਕਲ ਸਕਦਾ ਹੈ, ਜਿਸ ਨਾਲ ਦੰਦਾਂ ਨੂੰ ਨੁਕਸਾਨ ਪਹੁੰਚੇਗਾ।

# ਅੱਜ ਲਓਗੇ ਇਹ ਸੰਕਲਪ ਤਾਂ ਕਦੀ ਨਹੀਂ ਹੋਵੋਗੇ ਬਿਮਾਰ

ਸਿਹਤ ਦਾ ਸਬੰਧ ਹਮੇਸ਼ਾ ਮੈਡੀਸਿਨ ਨਾਲ ਨਹੀਂ ਹੁੰਦਾ। ਆਪਣੀ ਲਾਈਫ ਸਟਾਈਲ ਵਿਚ ਸਿਹਤਮੰਦ ਰੂਟੀਨ ਅਪਣਾਕੇ ਵੀ ਅਸੀਂ ਬਿਹਤਰ ਸਿਹਤ ਬਣਾ ਸਕਦੇ ਹਾਂ। ਸਿਹਤ ਨਾਲ ਜੁੜੇ ਇਹ ਕੁਝ ਰੂਟੀਨ ਜੇਕਰ ਅਸੀਂ ਅਪਣਾ ਲਈਏ ਤਾਂ ਸਿਹਤ ਨੂੰ ਚੰਗੀ ਤਰ੍ਹਾਂ ਮੈਨਟੇਨ ਕਰਕੇ ਰੱਖ ਸਕਦੇ ਹਾਂ।

**ਮੈਂ ਦਿਨ ਦੀ ਸ਼ੁਰੂਆਤ ਇਕ ਗਿਲਾਸ ਪਾਣੀ ਨਾਲ ਕਰਾਂਗਾ**

ਸਵੇਰੇ ਉਠ ਕੇ ਪਾਣੀ ਪੀਣ ਨਾਲ ਸਰੀਰ ਦੇ ਟਾਕਸਿਨਜ਼ ਨਿਕਲ ਜਾਂਦੇ ਹਨ। ਰੋਜ਼ਾਨਾ 6-8 ਗਿਲਾਸ ਪਾਣੀ ਪੀਣਾ ਕਿਡਨੀਆਂ ਅਤੇ ਚਮੜੀ ਦੇ ਲਈ ਚੰਗਾ ਹੁੰਦਾ ਹੈ।

**ਮੈਂ ਕਦੀ ਵੀ ਬ੍ਰੇਕਫਾਸਟ ਨਹੀਂ ਛੱਡਾਂਗਾ**

ਬ੍ਰੇਕਫਾਸਟ ਮਿਸ ਕਰਨ ਨਾਲ ਮੋਟਾਪੇ ਦਾ ਖਤਰਾ ਜ਼ਿਆਦਾ ਹੁੰਦਾ ਹੈ। ਹੈਲਦੀ ਬ੍ਰੇਕਫਾਸਟ ਕਰਨ ਨਾਲ ਦਿਨ ਭਰ ਓਵਰਈਟਿੰਗ ਤੋਂ ਬਚਿਆ ਜਾ ਸਕਦਾ ਹੈ।



**ਮੈਂ ਆਪਣੀ ਡਾਈਟ ਵਿਚ ਫਲਾਂ ਅਤੇ ਸਬਜ਼ੀਆਂ ਦੀ ਮਾਤਰਾ ਵਧਾਵਾਂਗਾ**

ਫਲਾਂ ਅਤੇ ਸਬਜ਼ੀਆਂ ਵਿਚ ਫਾਈਬਰਸ ਅਤੇ ਨਿਊਟ੍ਰੀਸ਼ੀਅਨ ਭਰਪੂਰ ਮਾਤਰਾ ਵਿਚ ਹੁੰਦੇ ਹਨ ਅਤੇ ਕੈਲੋਰੀ ਘੱਟ ਹੁੰਦੀ ਹੈ। ਇਹਨਾਂ ਨਾਲ ਡਾਈਜੇਸ਼ਨ ਵੀ ਚੰਗੀ ਰਹਿੰਦੀ ਹੈ।

**ਮੈਂ ਖਾਣੇ ਵਿਚ ਨਮਕ ਅਤੇ ਸ਼ੱਕਰ ਘੱਟ ਕਰਾਂਗਾ**

ਇਹਨਾਂ ਨੂੰ ਜ਼ਿਆਦਾ ਖਾਣ ਨਾਲ ਬਲੱਡ ਪ੍ਰੈਸ਼ਰ, ਡਾਇਬਟੀਜ਼ ਅਤੇ ਹਾਰਟ ਡਿਜ਼ੀਜ਼ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ।

**ਮੈਂ ਸਿਗਰਟ ਅਤੇ ਸ਼ਰਾਬ ਤੋਂ ਹਮੇਸ਼ਾ ਦੂਰ ਰਹਾਂਗਾ**

ਨਸ਼ਾ ਲੀਵਰ, ਹਾਰਟ, ਕਿਡਨੀ, ਬ੍ਰੇਨ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਕੈਂਸਰ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ।

**ਮੈਂ ਹਰ ਰੋਜ਼ ਕਸਰਤ ਕਰਾਂਗਾ**

ਸਰੀਰਕ ਤੌਰ ਤੇ ਐਕਟਿਵ ਰਹਿਣ ਨਾਲ ਬਲੱਡ ਪ੍ਰੈਸ਼ਰ ਨੌਰਮਲ ਰਹਿੰਦਾ ਹੈ। ਡਿਪ੍ਰੈਸ਼ਨ, ਡਾਇਬਟੀਜ਼, ਹਾਰਟ ਡਿਜ਼ੀਜ਼ ਵਰਗੀਆਂ ਕਈ ਸਮੱਸਿਆਵਾਂ ਤੋਂ ਬਚਾਅ ਹੁੰਦਾ ਹੈ।

**ਮੈਂ ਟੈਨਸ਼ਨ ਨਹੀਂ ਕਰਾਂਗਾ, ਖੁਸ਼ ਰਹਾਂਗਾ**

ਟੈਨਸ਼ਨ ਕਈ ਬਿਮਾਰੀਆਂ ਦੀ ਜੜ੍ਹ ਹੈ। ਖੁਸ਼ ਰਹਿਣ ਨਾਲ ਸਰੀਰ ਵਿਚ ਪਾਜੇ-ਟਿਵ ਐਨਰਜੀ ਆਉਂਦੀ ਹੈ, ਬਿਮਾਰੀਆਂ ਤੋਂ ਬਚਾਅ ਹੁੰਦਾ ਹੈ।

**ਮੈਂ ਰੋਜ਼ 7-8 ਘੰਟੇ ਨੀਂਦ ਲਿਆਂਗਾ**

ਲੋੜੀਂਦੀ ਨੀਂਦ ਲੈਣ ਨਾਲ ਮੋਟਾਪਾ, ਡਾਇਬਟੀਜ਼, ਹਾਰਟ ਡਿਜ਼ੀਜ਼, ਡਿਪ੍ਰੈਸ਼ਨ ਵਰਗੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

**ਮੈਂ ਰੈਗੂਲਰ ਸਿਹਤ ਚੈਕਿੰਗ ਕਰਾਵਾਂਗਾ**

ਉਮਰ ਵਧਣ ਦੇ ਨਾਲ ਰੈਗੂਲਰ ਸਿਹਤ ਚੈਕਅਪ ਕਰਵਾਉਣ ਨਾਲ ਬਿਮਾਰੀਆਂ ਦਾ ਪਤਾ ਸਮੇਂ ਤੇ ਲੱਗ ਸਕਦਾ ਹੈ।

**ਮੈਂ ਹੱਥ ਧੋਣ ਦਾ ਧਿਆਨ ਰੱਖਾਂਗਾ**

ਜ਼ਿਆਦਾਤਰ ਬਿਮਾਰੀਆਂ ਹੱਥਾਂ ਦੇ ਜ਼ਰੀਏ ਹੀ ਫੈਲਦੀਆਂ ਹਨ। ਖਾਣੇ ਤੋਂ ਪਹਿਲਾਂ ਅਤੇ ਬਾਥਰੂਮ ਤੋਂ ਬਾਅਦ ਸਾਬਣ ਨਾਲ ਹੱਥ ਧੋਣਾ ਜ਼ਰੂਰੀ ਹੈ।

# ਕੌਫ਼ੀ ਦੀ ਲਗਾਤਾਰ ਵਰਤੋਂ ਕਰਨ ਨਾਲ ਘੱਟ ਹੋਵੇਗਾ ਕੈਂਸਰ ਦਾ ਖਤਰਾ

ਕੌਫ਼ੀ ਦਾ ਲਗਾਤਾਰ ਸੇਵਨ ਕਰਨ ਵਾਲਿਆਂ ਦੇ ਲਈ ਇੱਕ ਚੰਗੀ ਖਬਰ ਹੈ। ਅਮ-ਰੀਕੀ ਖੋਜੀਆਂ ਦੇ ਮੁਤਾਬਕ ਕੌਫ਼ੀ ਪੀਣ ਨਾਲ ਕੋਲੋਰੇਕਟਲ ਕੈਂਸਰ ਦਾ ਖਤਰਾ ਕਾਫੀ ਘੱਟ ਹੋ ਜਾਂਦਾ ਹੈ। ਇਸ ਵਿੱਚ ਕੈਫੀਨ ਦੀ ਕੋਈ ਭੂਮਿਕਾ ਨਹੀਂ ਹੁੰਦੀ। ਕੈਫੀਨ ਸਿਹਤ ਲਈ ਹਾਨੀਕਾਰਕ ਮੰਨੀ ਜਾਂਦੀ ਹੈ। ਯੂਨੀਵਰਸਿਟੀ ਆਫ ਸਦਰਨ ਕੈਲੀਫੋਰਨੀਆ ਦੇ ਸਟੀਫਨ ਗੁਬਰ ਨੇ



ਦੱਸਿਆ ਕਿ ਕੌਫ਼ੀ ਦੀ ਮਾਤਰਾ ਦੇ ਹਿਸਾਬ ਨਾਲ ਕੋਲੋਰੇਕਟਲ ਕੈਂਸਰ ਦੇ ਹੋਣ ਦੀ ਸ਼ੰਕਾ ਵਿੱਚ ਕਮੀ ਆਉਂਦੀ ਜਾਂਦੀ ਹੈ। ਦਿਨ ਵਿੱਚ ਦੋ ਵਾਰ ਕੌਫ਼ੀ ਪੀਣ ਨਾਲ ਇਸ ਦਾ ਖਤਰਾ 26 ਫੀਸਦੀ ਅਤੇ ਇਸ ਤੋਂ ਜ਼ਿਆਦਾ ਪੀਣ ਨਾਲ 50 ਫੀਸਦੀ ਤੱਕ ਖਤਰਾ ਘੱਟ ਹੋ ਜਾਂਦਾ ਹੈ। ਕੈਫੀਨ ਯੁਕਤ ਕੌਫ਼ੀ ਵੀ ਮਦਦਗਾਰ ਸਾਬਤ ਹੋਈ ਹੈ। ਸਟੀਫਨ ਨੇ ਖੋਜ ਦੇ ਨਤੀਜਿਆਂ ਨੂੰ ਹੈਰਾਨ ਕਰਨ ਵਾਲਾ ਦੱਸਿਆ ਹੈ।



Raj Budwal
(Investment and Fiancial Advisor)
408-972-8000, 408-835-0202 (Cell)
Budwal@sagepointadvisor.com

Budwal and Associates
315 Piercy Road,
San Jose, CA 95138

# How often do I need to review my estate plan?

Question:
How often do I need to review my estate plan?
Answer:

Although there's no hard-and-fast rule about when you should review your estate plan, the following suggestions may be of some help:

You should review your estate plan immediately after a major life event

You'll probably want to do a quick review each year because changes in the economy and in the tax code often occur on a yearly basis

You'll want to do a more thorough review every five years

Reviewing your estate plan will not only give you peace of mind, but will also alert you to any other changes that need to be addressed.

There will be times when you'll need to make changes to your plan to ensure that it still meets all of your goals. For example, an executor, trustee, or guardian may change his or her mind about serving in that capacity, and you'll need to name someone else.

Other reasons you should do a periodic review include:

There has been a change in your marital status (many states have laws that revoke part or all of your will if you marry or get divorced) or that of your children or grandchildren

There has been an addition to your family through birth, adoption, or marriage (stepchildren)

Your spouse or a family member has died, has become ill, or is incapacitated

Your spouse, your parents, or other family member has become dependent on you

There has been a substantial change in the value of your assets or in your plans for their use

You have received a sizable inheritance or gift

Your income level or requirements have changed

You are retiring

You have made a change in your estate plan (e.g., you created a trust or executed a codicil to your will)

--------

# ਖੱਬੇ ਭਾਰ ਸੌਂਵੋ, ਇਸਦੇ ਕਈ ਫਾਇਦੇ



ਸਾਡੀ ਸਿਹਤ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਅਸੀਂ ਕਿਸ ਕਰਵਟ ਸੌਂਦੇ ਹਾਂ। ਆਯੁਰਵੇਦ ਵਿਚ ਖੱਬੀ ਕਰਵਟ ਸੌਣ ਨੂੰ ਵਧੀਆ ਕਿਹਾ ਗਿਆ ਹੈ। ਖੱਬੀ ਕਰਵਟ ਸੌਣਾ ਸਿਹਤ ਦੇ ਲਇ ਕਈ ਤਰ੍ਹਾਂ ਨਾਲ ਫਾਇਦੇਮੰਦ ਹੈ। ਜਾਣਦੇ ਹਾਂ ਇਸ ਦੇ ਫਾਇਦਿਆਂ ਬਾਰੇ:

ਖੱਬੀ ਕਰਵਟ ਸੌਣ ਨਾਲ ਲੈਫਟ ਸਾਈਡ ਵਿਚ ਸਥਿਤ ਡਾਈਜੈਸਟਿਵ ਐਂਜਾਇਮ ਬਣਾਉਣ ਵਾਲੇ ਪੈਨਕ੍ਰਿਅਾਜ ਦਾ ਫੰਕਸ਼ਨ ਬਿਹਤਰ ਹੁੰਦਾ ਹੈ। ਖਾਣਾ ਆਸਾਨੀ ਨਾਲ ਹਜ਼ਮ ਹੁੰਦਾ ਹੈ।

ਬਾਡੀ ਤੋਂ ਟਾਕਸਿਕ ਅਤੇ ਹਾਨੀਕਾਰਕ ਪਦਾਰਥ ਲਸੀਕਾ ਤੰਤਰ ਦੇ ਜ਼ਰੀਏ ਬਾਹਰ ਨਿਕਲ ਜਾਂਦੇ ਹਨ। ਬਾਡੀ ਡਿਟਾਕਸ ਹੁੰਦੀ ਹੈ ਅਤੇ ਬਿਮਾਰੀਆਂ ਤੋਂ ਬਚਾਅ ਹੁੰਦਾ ਹੈ।

ਖੱਬੀ ਕਰਵਟ ਸੌਣ ਨਾਲ ਸਰੀਰ ਦੇ ਵੱਖ ਵੱਖ ਅੰਗਾਂ ਅਤੇ ਬ੍ਰੇਨ ਤੱਕ ਬਲੱਡ ਅਤੇ ਆਕਸੀਜਨ ਦਾ ਸਰਕੂਲੇਬਨ ਠੀਕ ਤਰੀਕੇ ਨਾਲ ਹੁੰਦਾ ਹੈ। ਸਾਰੇ ਅੰਗ ਸਿਹਤਮੰਦ ਰਹਿੰਦੇ ਹਨ।

ਗਰੁੱਤਾ ਖਿੱਚ ਦੇ ਕਾਰਨ ਫੂਡ ਵੇਸਟ ਛੋਟੀ ਆਂਦਰਾ ਤੋਂ ਵੱਡੀ ਆਂਦਰ ਅਤੇ ਫਿਰ ਪੇਟ ਦੇ ਹੇਠਲੇ ਹਿੱਸੇ ਵਿਚ ਆਸਾਨੀ ਨਾਲ ਪਹੁੰਚ ਜਾਂਦਾ ਹੈ। ਇਸ ਨਾਲ ਸਵੇਰੇ ਪੇਟ ਆਸਾਨੀ ਨਾਲ ਸਾਫ ਹੁੰਦਾ ਹੈ।

ਹਾਰਟ ਸਰੀਰ ਦੇ ਖੱਬੇ ਪਾਸੇ ਹੁੰਦਾ ਹੈ। ਇਸ ਕਰਵਟ ਸੌਣ ਨਾਲ ਹਾਰਟ ਦਾ ਕੰਮ ਆਸਾਨ ਹੋ ਜਾਂਦਾ ਹੈ। ਹਾਰਟ ਵਿਚ ਬਲੱਡ ਸਰਕੂਲੇਬਨ ਚੰਗਾ ਹੁੰਦਾ ਹੈ। ਖੱਬੀ ਕਰਵਟ ਸੌਣ ਨਾਲ ਪੇਟ ਵਿਚ ਮੌਜੂਦ ਐਸਿਡ ਦੀ ਥੈਲੀ ਤੋਂ ਐਸਿਡ ਨਿਕਲ ਕੇ ਮੂੰਹ ਵਾਲੇ ਪਾਸੇ ਨਹੀਂ ਆਉਂਦਾ। ਐਸੀਡਿਟੀ ਅਤੇ ਜਲਣ ਦੀ ਸਮੱਸਿਆ ਨਹੀਂ ਹੁੰਦੀ। ਇਸ ਨਾਲ ਲੀਵਰ ਅਤੇ ਗਾਲ ਬਲੈਡਰ ਆਪਣਾ ਕੰਮ ਠੀਕ ਤਰੀਕੇ ਨਾਲ ਕਰਦੇ ਹਨ। ਇਸ ਦੇ ਕਾਰਨ ਲੀਵਰ ਵਿਚ ਫੈਟ ਜਮ੍ਹਾ ਨਹੀਂ ਹੋ ਪਾਉਂਦਾ।

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ ਲੱਖ ਮੁਬਾਰਕਾਂ
ਦਲਬੀਰ ਸਿੰਘ ਗਿੱਲ

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ
ਲੱਖ ਲੱਖ ਮੁਬਾਰਕਾਂ
ਗੁਰਨਾਮ ਸਿੰਘ ਪੰਮਾ


ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ ਲੱਖ ਮੁਬਾਰਕਾਂ
ਹੈਰੀ ਭਰਾ-
ਨਾਹਰ ਹੀਰ ਅਤੇ
ਹੈਰੀ ਹੀਰ

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ
ਲੱਖ ਲੱਖ ਮੁਬਾਰਕਾਂ
ਸੁਖਰਾਜ ਸਿੰਘ ਪੰਮਾ, ਅਟਾਰਨੀ


ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ ਲੱਖ ਮੁਬਾਰਕਾਂ



ਹਰਮਨ ਸੰਧੂ

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ ਲੱਖ ਮੁਬਾਰਕਾਂ



ਗੁਰਦੀਪ ਚੌਹਾਨ



ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ ਲੱਖ ਮੁਬਾਰਕਾਂ



ਅਵਤਾਰ ਸਿੰਘ ਸਹੋਤਾ (ਤਾਰੀ

530-751-2030




ਕੋਈ ਵੀ ਟਰੱਕਰ ਆਪਣੀ ਕਿਸੇ ਵੀ ਕਿਸਮ ਦੀ ਸਮੱਸਿਆ ਸਬੰਧੀ ਸਾਨੂੰ ਲਿਖ ਕੇ ਭੇਜੇ, ਅਸੀ ਉਸ ਦੇ ਵਿਚਾਰ ਇੱਥੇ ਛਾਪਾਂਗੇ।

530-751-2030



**American Tire Service**

ਨਵੇਂ ਟਾਇਰ ਪੁਆਉਣ ਲਈ ਜਾਂ ਟਰੱਕਾਂ ਦੇ ਇੰਜਣ ਜਾਂ ਕੋਈ ਵੀ ਕੰਮ ਕਰਾਉਣ ਲਈ ਹਾਈਵੇ 5 ਤੇ French Camp Exit 467 ਤੇ ਹੀ ਇਕ ਵਾਰ ਜ਼ਰੂਰ ਦਰਸ਼ਨ ਦਿਓ।
ਰਾਜ ਬਾਸੀ ਨਾਲ ਸੰਪਰਕ ਕਰੋ: 209-982-1302

ਟਰੱਕਾਂ ਦੇ ਕੰਮ ਵਾਸਤੇ ਫਰਿਜ਼ਨੋ 'ਚ ਸੁਖਜਿੰਦਰ ਸਿੰਘ ਨੂੰ ਕਾਲ ਕਰੋ
559-897-2323

**VIRSA CAPITAL**
Commercial Truck & Trailer Loans
www.VirsaCapital.com
Bikram Singh
Loan Broker
Bikram@VirsaCapital.com
Info@virsacapital.com
916-798-0150 (Cell)
209-390-8984 (Fax)
844-847-7222

**KANG TRANSPORT**
Kang Transport LLC
3391 Industrial Drive
Yuba City, CA 95993
Cell 530-682-0781
Kangtransport@gmail.com

**Truck Owner operator ਚਾਹੀਦੇ ਹਨ**
Call (Legacy Caniev) Kash Hira
530-713-2857

**18 WHEELER TRUCK DRIVING SCHOOL**
CALL FOR INFORMATION
530-923-2176 530-870-3204




Paul Singh
President
697 N. Palora Ave., Ste. C
Yuba City, CA 95991
Ph (530) 777-3069
Cell (530) 682-1500
Fax (530) 755-4747

**UNITED**
Transport Inc.
ਤੁਸੀਂ ਕੋਈ ਵੀ ਟਰੱਕ ਟਰੇਲਰ ਖਰੀਦਣਾ ਹੋਵੇ ਤਾਂ ਇਕ ਵਾਰ ਫੋਨ ਕਰਕੇ ਗੱਲਬਾਤ ਕਰੋ, ਤੁਹਾਨੂੰ ਵਧੀਆ ਤੋਂ ਵਧੀਆ ਡੀਲ ਬਣਾ ਕੇ ਦੇਣਗੇ

Kulvinder Jande Vice President
3936 Railroad Ave. Yuba City, CA 95991
530- 434-6970 (Phone)
530-777-3171 (Fax
unitedinc48@gmail.com

**ALIEN TRANSPORT LLC YUBA CITY ਨੂੰ ਟਰੱਕ ਡਰਾਈਵਰਾਂ ਦੀ ਲੋੜ**
ਟਰੱਕ ਡਰਾਈਵਰ ਵੀਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਾਨੂੰ long haul ਲਈ ਟਰੱਕ ਡਰਾਈਵਰਾਂ ਦੀ ਲੋੜ ਹੈ ਜੋ Midwest, Detroit, Michigan ਤੱਕ ਜਾ ਸਕਦੇ ਹੋਣ।
ਚੰਗੀ ਕਮਾਈ ਅਤੇ 38 ਸੈਂਟ ਪ੍ਰਤੀ ਮਾਈਲ ਲੈਣ ਦੇ ਲਈ ਅਵਤਾਰ ਸਿੰਘ ਸਹੋਤਾ (ਤਾਰੀ ਸਹੋਤਾ) ਨਾਲ ਸੰਪਰਕ ਕਰੋ:
800-596-6407

**ਰਾਜਵੀਰ ਸੈਣੀ**
Workshop and Truck Co
Shop: Yuba City Truck & Trailer Repair
United Truck Co.
530-237-6773

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ-ਲੱਖ ਵਧਾਈ

ਬਲਾਰਜ ਢਿੱਲੋਂ

ਮਨਦੀਪ ਸਿੰਘ ਢਿੱਲੋਂ



ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ-ਲੱਖ ਵਧਾਈ

ਰਾਜਿੰਦਰ ਸਿੰਘ ਚੌਹਾਨ



ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ



ਲੱਖ-ਲੱਖ ਵਧਾਈ

ਕੁਲਦੀਪ ਸਿੰਘ ਸਹੋਤਾ
(ਐਮ ਏ ਡੀ ਪੀ ਈ)

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ-ਲੱਖ ਵਧਾਈ

ਪਰਮਿੰਦਰ ਸਿੰਘ ਗਰੇਵਾਲ



ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ-ਲੱਖ ਵਧਾਈ

ਹਰਦੀਪ ਢਾਡਲੀ




ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ-ਲੱਖ ਵਧਾਈ

ਸਰਬਜੀਤ ਸਿੰਘ ਸਾਬੀ



ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ



ਲੱਖ-ਲੱਖ ਵਧਾਈ

ਕੁਲਦੀਪ ਸਿੰਘ ਅਟਵਾਲ

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ-ਲੱਖ ਵਧਾਈ

ਗੁਰਮੇਜ ਸਿੰਘ ਗਿੱਲ



ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ



Inderjeet S Mann
CA Lic# 0127763

ਲੱਖ ਲੱਖ ਮੁਬਾਰਕਾਂ

Call us to check on your and your Families cheap or free health insurance

Punjab Insurance Brokers Inc.
www.punjabinsurance.com

DBA Punjab Financial & Insurance Services

Money Back Life Insurance
Money Back Critical Illness Insurance
Money Back Disability Insurance

Call: 1-888-978-6522

Dental insurance "As low as $17.60"



ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ ਲੱਖ ਮੁਬਾਰਕਾਂ

Joshi Law Firm
Attorneys at Law
www.joshilawfirm.com info@joshilawfirm.com

ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ ਆਧਾਰ ਤੇ

ਗਰੀਨ ਕਾਰਡ
ਐਡਜਸਟਮੈਂਟ ਆਫ
ਸਟੇਟਸ

ਫੈਮਲੀ ਲਾਅ
ਤਲਾਕ ਦੀ ਪਟੀਸ਼ਨ
ਬੱਚੇ ਦੀ ਕਸਟਡੀ

ਭੱਤਾ ਜਾਂ ਖਰਚਾ
ਬੱਚਿਆਂ ਲਈ ਖਰਚਾ

ਬੈਂਕਰਪਸੀ
ਚੈਪਟਰ 7 ਅਤੇ ਚੈਪਟਰ
13 ਵਿਚ
ਲੈਣਦਾਰ ਦੇ ਅਧਿਕਾਰ

(559) 312-0083 (O) (888) 630-1230 (F)
516 W. SHAW AVE STE 200 FRESNO, CA 93704



TANVIR JOSHI
SBN: 302226



ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ



BRE #: 01440382

ਲੱਖ-ਲੱਖ ਵਧਾਈ

ਜਰਨੈਲ ਸਿੰਘ ਲਾਲੜੀਆ
Broker Associate
Cell (408) 728-0795,
Office: 510-796-2100
Email: jlallria@c21mm.com
39180 Liberty St. Suite 205, Fremont, CA 94538



ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ ਲੱਖ ਮੁਬਾਰਕਾਂ

sikh community leader

ਜਸਵੰਤ ਸਿੰਘ ਹੋਠੀ
SANJOSE





ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ



Baghel Singh Jaswal


ਲੱਖ-ਲੱਖ ਵਧਾਈ

AUTOBAHN

Baghel Singh Jaswal
Ph: (650) 966-1840, Fax: (650) 966-1023
778 Yuba Drive, Mountain View, CA 94041



ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ



ਸੁੱਚਾ ਰਾਮ ਭਾਰਟਾ

ਲੱਖ-ਲੱਖ ਵਧਾਈ

ਸ੍ਰੀ ਸੁੱਚਾ ਰਾਮ ਭਾਰਟਾ
ਚੇਅਰਮੈਨ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ
650-207-6286



ਸਮੂਹ ਸਾਧ-ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਤੇ ਵਿਸਾਖੀ ਦੀਆਂ



Jaspreet Singh

ਲੱਖ-ਲੱਖ ਵਧਾਈ
ਵੱਲੋਂ
ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
718-533-8444
510-657-6444



ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ



ਲੱਖ ਲੱਖ ਮੁਬਾਰਕਾਂ

ਗੁਰਬਚਨ ਸਿੰਘ ਢਿੱਲੋਂ
510-552-7540

ਸਮੂਹ ਸਾਧ-ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਤੇ ਵਿਸਾਖੀ ਦੀਆਂ

ਲੱਖ-ਲੱਖ ਵਧਾਈ

ਵੱਲੋਂ

ਇੰਦਰਜੀਤ ਸਿੰਘ ਥਿੰਦ



ਸਮਾਜ ਸੇਵਕ, ਪੰਜਾਬੀ ਭਾਈਚਾਰੇ ਦੀ ਜਾਣੀ-ਪਛਾਣੀ ਸ਼ਖਸੀਅਤ

510-490-4678

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ



ਲੱਖ ਲੱਖ ਮੁਬਾਰਕਾਂ

ਕਬੱਡੀ ਖਿਡਾਰੀ ਅਤੇ ਪ੍ਰਸਿੱਧ ਬਿਜਨਸਮੈਨ

ਬਿੱਲਾ ਸੰਘੇੜਾ

SANJOSE CALIFORNIA

ਸਮੂਹ ਸਾਧ-ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਤੇ ਵਿਸਾਖੀ ਦੀਆਂ



ਲੱਖ-ਲੱਖ ਵਧਾਈ

ਵੱਲੋਂ

Narinder Singh Badal
Union City

510- 372-3215

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ



ਲੱਖ-ਲੱਖ ਵਧਾਈ

ਵੱਲੋਂ

Allstate

Avninder Singh

510-441-7490, Toll Free (877) 441-7490

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ ਲੱਖ ਮੁਬਾਰਕਾਂ



ਭੁਪਿੰਦਰ ਸਿੰਘ ਪਦਮ ਅਤੇ ਸਮੂਹ ਪਰਿਵਾਰ

A-1 INTERIOR DECORATION INC.

23762 Foley ST. Suite # Hayward CA 94544

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ-ਲੱਖ ਵਧਾਈ

ਵੱਲੋਂ

Dr Harmesh Kumar

ਸਾਈਕਾਲੋਜਿਸਟ

925-285-9881



ਪ੍ਰਸਿੱਧ ਸਮਾਜ ਸੇਵਕ ਅਤੇ ਭਾਰਤੀ ਭਾਈਚਾਰੇ ਵਿਚ ਜਾਣੀ ਪਹਿਚਾਣੀ ਸ਼ਖ਼ਸੀਅਤ

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ-ਲੱਖ ਵਧਾਈ

ਜੱਸੀ ਖੰਗੂੜਾ
ਅਤੇ
ਕਮਲ ਖੰਗੂੜਾ



ਸਮੂਹ ਸਾਧ-ਸੰਗਤ ਨੂੰ ਖਾਲਸਾ ਜੀ ਦੇ ਪ੍ਰਗਟ ਦਿਵਸ ਤੇ ਵਿਸਾਖੀ ਦੀਆਂ



ਲੱਖ-ਲੱਖ ਵਧਾਈ

DR. BHUPINDER BHANDARI

ਫਰੀਮਾਂਟ (ਕੈਲੇਫੋਰਨੀਆ)

ਸਮਾਜ ਸੇਵਕ ਤੇ ਗੁਰੂ ਘਰਾਂ ਵਿਚ ਵੀ ਮੁਫਤ
ਸੇਵਾ ਪ੍ਰਦਾਨ ਕਰਨ ਵਾਲੇ ਮਿੱਠੇ ਸੁਭਾਅ ਦੇ ਮਾਲਕ

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ



ਲੱਖ-ਲੱਖ ਵਧਾਈ

ਵੱਲੋਂ

Gurbinder S Mavi

Bus: 650-326-0660, Cell 408-829-6284

101 University Ave Palo Alto,CA 94301

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ-ਲੱਖ ਵਧਾਈ

ਭੁਪਿੰਦਰ ਸਿੰਘ ਪਰਮਾਰ



ਸਾਬਕਾ ਖਜਾਨਚੀ ਫਰੀਮਾਂਟ ਗੁਰਦੁਆਰਾ ਸਾਹਿਬ

510-305-8351

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ-ਲੱਖ ਵਧਾਈ

Gurpal Singh Hansra



ਸ.ਗੁਰਪਾਲ ਸਿੰਘ ਹੰਸਰਾ ਸਮੁੱਚੇ ਸਿੱਖ ਜਗਤ ਅਤੇ ਪੰਜਾਬੀ ਭਾਈਚਾਰੇ
ਦੀ ਜਾਣੀ ਪਹਿਚਾਣੀ ਸ਼ਖਸੀਅਤ ਅਤੇ ਪ੍ਰਸਿੱਧ ਸਮਾਜ ਸੇਵੀ ਹਨ।

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ-ਲੱਖ ਵਧਾਈ

ਵੱਲੋਂ




ਅਮੋਲਕ ਸਿੰਘ ਗਾਖਲ

ਅੈਂਡ ਬ੍ਰਦਰਜ਼
ਯੂਨਾਈਟਿਡ
ਸਪੋਰਟਸ ਕਲੱਬ,
ਫਰੀਮਾਂਟ,
ਕੈਲੀਫੋਰਨੀਆ

ਅਮੋਲਕ ਸਿੰਘ ਗਾਖਲ

831-247-4637

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

ਲੱਖ-ਲੱਖ ਵਧਾਈ



Duabba Insurance Agency

Gurcharn Singh Mann

510-797-7989, 510-794-7398

2450, Peralta Blvd, Suite 120, Fremont, CA 94536

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ



ਮਨਜੀਤ ਸਿੰਘ ਸੰਧੂ ਅਤੇ ਉਹਨਾਂ ਦੇ
ਸਪੁੱਤਰ ਗੁਰਜੀਤ ਸਿੰਘ ਸੰਧੂ

ਲੱਖ-ਲੱਖ ਵਧਾਈ

Food and Liquors

pleasanton, California

925-339-4495

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

## ਲੱਖ-ਲੱਖ ਵਧਾਈ



ਵੱਲੋਂ



Didar singh bains

Karm singh bains

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

## ਲੱਖ-ਲੱਖ ਵਧਾਈ

## ਕਸ਼ਮੀਰ ਸਿੰਘ ਸ਼ਾਹੀ

ਇੰਜੀਨੀਅਰ
(ਐਮ ਐਸ ਸੀ)
510-299-7982



ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

## ਲੱਖ ਲੱਖ ਮੁਬਾਰਕਾਂ



## ਕੁਲਦੀਪ ਸਿੰਘ ਅਟਵਾਲ
## ਸੁਰਜੀਤ ਸਿੰਘ ਅਟਵਾਲ

ਮਡੇਰਾ, ਕੈਲੀਫੋਰਨੀਆ

ਐਲਡਮ ਫਾਰਮਰਜ਼ ਆਫ ਕੈਲੀਫੋਰਨੀਆ
209-769-4784

ਦੇਸ਼-ਵਿਦੇਸ਼ ਵਿਚ ਵੱਸਦੀ ਸਮੂਹ ਸਾਧ ਸੰਗਤ ਨੂੰ
ਖਾਲਸਾ ਜੀ ਦੇ ਪ੍ਰਗਟ ਦਿਵਸ ਅਤੇ ਵਿਸਾਖੀ ਦੀਆਂ

## ਲੱਖ ਲੱਖ ਮੁਬਾਰਕਾਂ

## ਜਸਬੀਰ ਸਿੰਘ ਕੁਲਾਰ



1484, Larkin Road Gridley, California-95948

(Business) 530-846-5103

# ਕਦੀ ਸਨ ਹਾਕੀ ਦੇ ਸਟਾਰ ਖਿਡਾਰੀ
# ਅੱਜ ਲੱਗਦੀ ਹੈ ਕ੍ਰਿਕਟ ਮੈਚ ਵਿਚ ਸਕਿਊਰਟੀ ਦੀ ਡਿਊਟੀ



ਕਦੀ ਹਾਕੀ ਸਟਿਕ ਪਕੜ ਕੇ ਭਾਰਤੀ ਟੀਮ ਨੂੰ ਕਈ ਜਿੱਤਾਂ ਦਿਵਾਉਣ ਵਾਲੇ ਦੋ ਵੰਡੇ ਹਾਕੀ ਖਿਡਾਰੀ ਅੱਜਕਲ੍ਹ ਪੰਜਾਬ ਦੇ ਸਟੇਡੀਅਮਾਂ ਵਿਚ ਨਵੀਂ ਭੂਮਿਕਾ ਨਿਭਾਅ ਰਹੇ ਹਨ। ਖਾਸ ਗੱਲ ਇਹ ਹੈ ਕਿ ਇਹ ਸਟੇਡੀਅਮ ਹਾਕੀ ਦੇ ਨਹੀਂ, ਬਲਕਿ ਕ੍ਰਿਕਟ ਦੇ ਹਨ। ਇਹਨਾਂ ਵਿਚੋਂ ਖਿਡਾਰੀ ਅਤੇ ਸਾਬਕਾ ਹਾਕੀ ਸਟਾਰ ਗਗਨ ਅਜੀਤ ਸਿੰਘ ਹੈ ਅਤੇ ਦੂਜਾ ਸਾਬਕਾ ਕੈਪਟਨ ਰਾਜਪਾਲ ਸਿੰਘ। ਦੋਵੇਂ ਫਿਲਹਾਲ ਮੋਹਾਲੀ ਕ੍ਰਿਕਟ ਸਟੇਡੀਅਮ ਵਿਚ ਸਪੈਸ਼ਲ ਪੁਲਿਸ ਅਧਿਕਾਰੀ ਦੀ ਡਿਊਟੀ ਨਿਭਾਅ ਰਹੇ ਸਨ। ਇਹਨਾਂ ਦੋਵਾਂ ਨੂੰ ਟੀ-20 ਵਰਲਡ ਕੱਪ ਦੇ ਮੈਚਾਂ ਦੌਰਾਨ ਸਕਿਊਰਟੀ ਦੇਖਣ ਦੀ ਜ਼ਿੰਮੇਵਾਰੀ ਮਿਲੀ ਸੀ।

ਇਹ ਦੋਵੇਂ ਖਿਡਾਰੀ ਪੰਜਾਬ ਪੁਲਿਸ ਦਾ ਹਿੱਸਾ ਹਨ ਅਤੇ ਟੀ 20 ਵਰਲਡ ਕੱਪ ਦੌਰਾਨ ਮੋਹਾਲੀ ਸਟੇਡੀਅਮ ਦੀ ਸੁਰੱਖਿਆ ਦਾ ਕੰਮ ਇਹਨਾਂ ਨੂੰ ਦਿੱਤਾ ਗਿਆ ਹੈ। ਇਹਨਾਂ ਦੋਵੇਂ ਖਿਡਾਰੀਆਂ ਵਿਚੋਂ ਗਗਨ ਅਜੀਤ ਸਿੰਘ ਮੋਹਾਲੀ ਵਿਚ ਐਸ. ਪੀ. ਦੇ ਅਹੁਦੇ ਤੇ ਹੈ, ਜਦਕਿ ਸਾਬਕਾ ਕਪਤਾਨ ਰਾਜਪਾਲ ਸਿੰਘ ਡੀ. ਐਸ. ਪੀ. ਟਰੈਫਿਕ ਵਜੋਂ ਡਿਊਟੀ ਨਿਭਾਅ ਰਿਹਾ ਹੈ। ਗਗਨ ਅਜੀਤ ਭਾਰਤੀ ਟੀਮ ਵੱਲੋਂ 200 ਤੋਂ ਜ਼ਿਆਦਾ ਮੈਚ ਖੇਡ ਚੁੱਕਾ ਹੈ, ਗਗਨ ਦੇ ਪਿਤਾ ਅਜੀਤ ਪਾਲ ਸਿੰਘ ਵੀ ਆਪਣੇ ਦੌਰ ਵਿਚ ਵੱਡੇ ਹਾਕੀ ਖਿਡਾਰੀ ਸਨ।



ਰਾਜਪਾਲ ਸਿੰਘ ਭਾਰਤ ਦੇ ਲਈ 147 ਮੈਚਾਂ ਵਿਚ ਭਾਰਤ ਦੀ ਪ੍ਰਤੀਨਿਧਤਾ ਕਰ ਚੁੱਕੇ ਹਨ।

ਦੋਵੇਂ ਹਾਕੀ ਖਿਡਾਰੀਆਂ ਨੂੰ ਪਬਲਿਕ ਅਤੇ ਕ੍ਰਿਕਟ ਖਿਡਾਰੀਆਂ ਦੀ ਸੁਰੱਖਿਆ ਦੇਖਣ ਤੋਂ ਇਲਾਵਾ ਗੇਟਾਂ ਤੇ ਚੈਕਿੰਗ ਦਾ ਇੰਤਜ਼ਾਮ ਦੇਖਣ ਦੀ ਜ਼ਿੰਮੇਵਾਰੀ ਵੀ ਮਿਲੀ। ਇਸ ਡਿਊਟੀ ਬਾਰੇ ਪੁੱਛੇ ਜਾਣ ਤੇ ਗਗਨ ਅਜੀਤ ਦਾ ਕਹਿਣਾ ਹੈ ਕਿ ਵਰਦੀ ਦੇ ਲਈ ਕੰਮ ਕਰਨਾ ਹਮੇਸ਼ਾ ਸਨਮਾਨ ਦੀ ਗੱਲ ਰਹੀ ਹੈ।

ਪੁਲਿਸ ਫੋਰਸ ਵਿਚ ਕੰਮ ਕਰਨ ਨੂੰ ਗਗਨ ਆਮ ਜਿਹੀ ਗੱਲ ਮੰਨਦੇ ਹਨ, ਉਹਨਾਂ ਦੇ ਮੁਤਾਬਕ ਯੂਨੀਫਾਰਮ ਵਿਚ ਡਿਊਟੀ ਕਰਨਾ ਹਮੇਸ਼ਾ ਸਪੈਸ਼ਲ ਫੀਲਿੰਗ ਰਹੀ ਹੈ। ਗਗਨ ਦਾ ਕਹਿਣਾ ਹੈ ਕਿ ਪਹਿਲਾਂ ਅਸੀਂ ਸਪੋਰਟਸ ਪਰਸਨ ਦੇ ਰੂਪ ਵਿਚ ਦੇਸ਼ ਦੀ ਸੇਵਾ ਕੀਤੀ ਅਤੇ ਹੁਣ ਪੁਲਿਸ ਬਣ ਕੇ ਦੇਸ਼ ਦੀ ਸੇਵਾ ਕਰ ਰਹੇ ਹਨ।

ਉਥੇ ਹੀ ਰਾਜਪਾਲ ਦਾ ਮੰਨਣਾ ਹੈ ਕਿ ਕੇਵਲ ਯੂਨੀਫਾਰਮ ਦਾ ਰੰਗ ਬਦਲਿਆ ਹੈ, ਪਹਿਲਾਂ ਅਸੀਂ ਨੀਲਾ ਰੰਗ ਪਾਉਂਦੇ ਸੀ, ਉਥੇ ਹੁਣ ਖਾਕੀ ਪਹਿਨਦੇ ਹਾਂ। ਰਾਜਪਾਲ ਦੇ ਮੁਤਾਬਕ ਪਹਿਲਾਂ ਉਹ ਹਾਕੀ ਦੇ ਕਪਤਾਨ ਸਨ ਅਤੇ ਹੁਣ ਪੁਲਿਸ ਵਿਚ ਹਨ, ਅਤੇ ਦੋਵਾਂ ਦਾ ਹੀ ਕੰਮ ਦੇਸ਼ ਦੀ ਸੇਵਾ ਕਰਨਾ ਹੈ। ਰਾਜਪਾਲ ਮੁਤਾਬਕ ਦੋਵੇਂ ਹੀ ਜੌਬ ਵਿਚ ਦੇਸ਼ ਦੀ ਸੇਵਾ ਕਰਨਾ ਹੈ, ਭਾਵਨਾ ਉਹੀ ਹੈ, ਬੱਸ ਜਗ੍ਹਾ ਬਦਲ ਗਈ ਹੈ।

# ਗੁਆਚ ਹੀ ਗਏ ਪੰਜਾਬਣਾਂ ਦੀ ਪਛਾਣ ਦੁਪੱਟੇ ਸਤਰੰਗ ਦੇ



ਦੁਪੱਟਾ, ਔਰਤ ਲਈ ਸ਼ਰਮ-ਹਯਾ, ਸਨਮਾਨ, ਸਤਿਕਾਰ ਅਤੇ ਸ਼ਗਨਾਂ ਦਾ ਚਿੰਨ੍ਹ ਰਿਹਾ ਹੈ। ਇਹੀ ਕਾਰਨ ਸੀ ਕਿ ਸਮਝਦਾਰ ਅਤੇ ਸਿਆਣੀਆਂ ਔਰਤਾਂ ਦੁਪੱਟੇ ਨੂੰ ਆਪਣੀ ਜਿੰਦ ਜਾਨ ਸਮਝਦੀਆਂ ਸਨ। ਦੁਪੱਟੇ ਦੀ ਇਸੇ ਮਹੱਤਤਾ ਨੂੰ ਮੁੱਖ ਰੱਖ ਕੇ ਪੰਜਾਬੀ ਸਭਿਆਚਾਰ ਤੇ ਵਿਰਸੇ ਨੇ ਇਸ ਨੂੰ ਅਜਿਹਾ ਅਪਣਾਇਆ ਕਿ ਰੰਗਦਾਰ ਦੁਪੱਟਾ ਹਰ ਪੰਜਾਬੀ ਘਰ ਦੀ ਸ਼ਾਨ ਬਣ ਗਿਆ। ਇਹ ਦੁਪੱਟਾ, ਚੁੰਨੀ, ਫੁਲਕਾਰੀ, ਡੋਰੀਆ ਆਦਿ ਕਈ ਨਾਵਾਂ ਨਾਲ ਜਾਣਿਆ ਜਾਂਦਾ ਹੈ। ਪੰਜਾਬੀ ਦੇ ਅਨੇਕਾਂ ਗੀਤਾਂ, ਲੋਕ ਗੀਤਾਂ, ਮੁਹਾਵਰਿਆਂ ਅਤੇ ਬੋਲੀਆਂ ਵਿੱਚ ਇਸ ਦਾ ਜ਼ਿਕਰ ਮਿਲਦਾ ਹੈ। ਮਿਸਾਲ ਵਜੋਂ:

ਬੱਲੇ ਬੱਲੇ ਬਈ ਚੁੰਨੀ ਲੈ ਕੇ ਪੀਲੇ ਰੰਗ ਦੀ
ਤੇਰੇ ਖੇਤਾਂ ਦੀ ਸਰ੍ਹੋਂ ਬਣ ਜਾਵਾਂ।

ਚੁੰਨੀ ਦਾ ਵਿਲੱਖਣ ਰੂਪ ਫੁਲਕਾਰੀ, ਜਿੱਥੇ ਸੁੰਦਰਤਾ ਅਤੇ ਕਲਾ ਦਾ ਪ੍ਰਤੀਕ ਹੈ, ਉੱਥੇ ਇਹ ਪੰਜਾਬੀ ਸਭਿਆਚਾਰ ਦਾ ਅਟੁੱਟ ਅੰਗ ਬਣ ਚੁੱਕੀ ਹੈ। ਮੰਗਣੀ ਤੇ ਵਿਆਹ ਸਮੇਂ ਫੁਲਕਾਰੀ ਦਾ ਖ਼ਾਸ ਮਹੱਤਵ ਹੈ। ਮੰਗਣੀ ਦੀ ਰਸਮ ਸਮੇਂ ਮੁਟਿਆਰ ਦੇ ਸਿਰ ਉੱਤੇ ਫੁਲਕਾਰੀ ਜ਼ਰੂਰ ਦਿੱਤੀ ਜਾਂਦੀ ਹੈ ਅਤੇ ਮੁੰਡੇ ਦੀ ਮਾਂ ਜੋੜੀ ਤੋਂ ਪਾਣੀ ਵਾਰਨ ਸਮੇਂ ਫੁਲਕਾਰੀ ਜ਼ਰੂਰ ਲੈਂਦੀ ਹੈ। ਪੰਜਾਬੀ ਸਮਾਜ ਵਿੱਚ ਚੁੰਨੀ ਦੇ ਰੰਗ ਵੱਖ-ਵੱਖ ਸਮਾਜਿਕ ਦ੍ਰਿਸ਼ਾਂ ਨੂੰ ਵੀ ਪ੍ਰਦਰਸ਼ਿਤ ਕਰਦੇ ਰਹੇ ਹਨ। ਚਿੱਟੇ ਰੰਗ ਦੀਆਂ ਚੁੰਨੀਆਂ ਮਰਗਤ ਤੇ ਸੋਗ ਸਮੇਂ ਅਤੇ ਕਾਲੇ ਰੰਗ ਦੀਆਂ ਰੋਸ ਪ੍ਰਗਟਾਉਣ ਲਈ ਲਈਆਂ ਜਾਂਦੀਆਂ ਹਨ। ਪੁਰਾਣੇ ਸਮਿਆਂ ਵਿੱਚ ਨਵ-ਵਿਆਹੀਆਂ ਆਪਣੇ ਸਹੁਰੇ ਘਰ ਵੱਡੇ ਬਜ਼ੁਰਗਾਂ ਤੋਂ ਘੁੰਡ ਕੱਢਦੀਆਂ ਅਤੇ ਸਿਆਣਿਆਂ ਨੂੰ ਸਤਿਕਾਰ ਦੇਣ ਦੀ ਗੱਲ ਕਰਦੀਆਂ। ਹੌਲੀ-ਹੌਲੀ ਇਹ ਪ੍ਰਥਾ ਘਟਦੀ ਚਲੀ ਗਈ। ਅੱਜ ਚੁੰਨੀ ਸਿਰਫ਼ ਗਲਾਂ ਦਾ ਸ਼ਿੰਗਾਰ ਬਣ ਕੇ ਰਹਿ ਗਈ ਹੈ। ਕੋਈ ਵਿਰਲੀ ਮੁਟਿਆਰ ਹੀ ਅੱਜ ਚੁੰਨੀ ਨਾਲ ਸਿਰ ਕੱਜਦੀ ਹੈ ਤੇ ਘੁੰਡ ਕੱਢਣਾ ਤਾਂ ਬਹੁਤ ਦੂਰ ਦੀ ਗੱਲ ਰਹੀ। ਜਦੋਂ ਕੁੜੀਆਂ ਦੇ ਸਿਰ ਚੁੰਨੀ ਹੀ ਨਹੀਂ ਹੋਵੇਗੀ ਤਾਂ ਚੁੰਨੀ ਦੇ ਰੰਗਾਂ ਦੀ ਗੱਲ ਕਰਨੀ ਤਾਂ ਵਿਅਰਥ ਹੀ ਹੋਵੇਗੀ। ਹੁਣ ਤਾਂ ਸਤਰੰਗੇ ਦੁਪੱਟੇ ਅਤੇ ਉੱਡਦੀਆਂ ਫੁਲਕਾਰੀਆਂ ਦੇ ਨਜ਼ਾਰੇ ਸ਼ਾਇਦ ਸੁਪਨਿਆਂ ਵਿੱਚ ਹੀ ਰਹਿ ਜਾਣਗੇ।

ਛੇਤੀ-ਛੇਤੀ ਮਾਡਰਨ ਬਣਨ ਦੇ ਚੱਕਰ ਵਿੱਚ ਅੱਜ ਦੀ ਜਵਾਨੀ, ਪੱਛਮੀ ਸੱਭਿਅਤਾ ਦੀ ਅਗਨ ਸੇਕ ਰਹੀ ਹੈ, ਪਰ ਉਹ ਇਹ ਨਹੀਂ ਸਮਝਦੀ ਕਿ ਪੱਛਮੀ ਸੱਭਿਅਤਾ ਦਾ ਹਾਲ, 'ਪੱਥਰ ਚੱਟ ਕੇ ਮੁੜੀ ਮੱਛਲੀ ਵਰਗਾ' ਹੋ ਚੁੱਕਿਆ ਹੈ। ਆਓ! ਚੁੰਨੀ ਦੀ ਸ਼ਾਨ ਅਤੇ ਸਤਰੰਗੇ ਦੁਪੱਟੇ ਦੀ ਆਨ ਨੂੰ ਬਚਾਉਣ ਦਾ ਯਤਨ ਕਰੀਏ।

**– ਬਹਾਦਰ ਸਿੰਘ ਗੋਸਲ**

# ਗਜ਼ਬ ਦੀ ਤਾਕਤ ਹੈ ਇਹਨਾਂ ਗੈਰ-ਡੇਅਰੀ ਭੋਜਨ ਪਦਾਰਥਾਂ ਵਿਚ

ਸਾਨੂੰ ਇਹ ਜਾਣਦੇ ਹੋਏ ਬੜੀ ਹੈਰਾਨੀ ਹੁੰਦੀ ਹੈ ਕਿ ਸਭ ਤੋਂ ਜ਼ਿਆਦਾ ਤਾਕਤ ਦੁੱਧ ਵਿਚ ਹੁੰਦੀ ਹੈ। ਦੁੱਧ ਕੈਲਸ਼ੀਅਮ ਦਾ ਸਭ ਤੋਂ ਵੱਡਾ ਸਰੋਤ ਹੈ। ਦੁੱਧ ਵਾਕਿਆ ਹੀ ਕੈਲਸ਼ੀਅਮ ਦਾ ਸਰੋਤ ਹੈ ਪਰ ਦੁੱਧ, ਦਹੀਂ, ਮੱਖਣ ਅਤ ਘਿਓ ਤੋਂ ਇਲਾਵਾ ਵੀ ਕਈ ਅਜਿਹੇ ਨੌਨ-ਡੇਅਰੀ ਫੂਡਸ ਹਨ, ਜਿਹਨਾਂ ਵਿਚ ਗਜਬ ਦਾ ਕੈਲਸ਼ੀਅਮ ਹੁੰਦਾ ਹੈ। ਜੇਕਰ ਤੁਹਾਨੂੰ ਦੁੱਧ ਪਸੰਦ ਹੈ ਤਾਂ ਕੋਈ ਗੱਲ ਨਹੀ ਪਰ ਜੇਕਰ ਤੁਹਾਨੂੰ ਦੁੱਧ ਜਾਂ ਉਸਦੇ ਉਤਪਾਦਨ ਨਹੀਂ ਪਸੰਦ ਤਾਂ ਤੁਸੀਂ ਕੈਲਸ਼ੀਅਮ ਦੇ ਲਈ ਇਹ ਵਰਤ ਸਕਦੇ ਹੋ।





ਮੰਨਿਆ ਜਾਂਦਾ ਹੈ ਕਿ ਤਿਲ ਦੇ 1 ਔਂਸ ਵਿਚ 277 ਮਿਲੀਗ੍ਰਾਮ ਤੱਕ ਕੈਲਸ਼ੀਅਮ ਹੁੰਦਾ ਹੈ।

ਕੇਵਲ ਅੱਧਾ ਕੱਪ ਪੁੰਗਰਿਆ ਸੋਇਆਬੀਨ ਨਾਲ ਤੁਸੀਂ 230 ਮਿਲੀਗ੍ਰਾਮ ਤੱਕ ਕੈਲਸ਼ੀਅਮ ਪ੍ਰਾਪਤ ਕਰ ਸਕਦੇ ਹੋ।

ਬੇਹੱਦ ਪ੍ਰਸਿੱਧ ਸੈਲਮਨ ਫਿਸ਼ ਤੋਂ ਤੁਸੀਂ 212 ਮਿਲੀਗ੍ਰਾਮ ਤੱਕ ਕੈਲਸ਼ੀਅਮ ਪ੍ਰਾਪਤ ਕਰ ਸਕਦੇ ਹੋ।

ਪਨੀਰ ਵਰਗੇ ਦਿੱਸਣ ਵਾਲੇ ਟੋਫੂ ਦੇ ਅੱਧੇ ਕੱਪ ਤੋਂ ਤੁਸੀਂ 253 ਮਿਲੀਗ੍ਰਾਮ ਤੱਕ ਕੈਲਸ਼ੀਅਮ ਪ੍ਰਾਪਤ ਕਰ ਸਕਦੇ ਹੋ। ਗੋਭੀ ਨਾਲ ਮਿਲਦੀ ਜੁਲਦੀ ਇਸ ਸਬਜੀ ਦੇ ਦੋ ਕੱਪ ਤੋਂ ਕੇਵਲ 188 ਮਿਲੀਗ੍ਰਾਮ ਤੱਕ ਕੈਲਸ਼ੀਅਮ ਪ੍ਰਾਪਤ ਕੀਤੀ ਜਾ ਸਕਦੀ ਹੈ।

ਬਾਕੀਆਂ ਦੇ ਮੁਕਾਬਲੇ ਬਦਾਮ ਘੱਟ ਕੈਲਸ਼ੀਅਮ ਦਿੰਦਾ ਹੈ ਪਰ ਫਿਰ ਵੀ ਇਕ ਮੁੱਠੀ ਬਦਾਮ 72 ਮਿਲੀਗ੍ਰਾਮ ਤੱਕ ਮਿਨਰਲਸ ਦੇ ਸਕਦਾ ਹੈ।

# ਸਫ਼ਲਤਾਵਾਂ-ਅਸਫ਼ਲਤਾਵਾਂ ਜ਼ਿੰਦਗੀ ਦਾ ਅਟੁੱਟ ਹਿੱਸਾ

ਜ਼ਿੰਦਗੀ ਬਹੁਰੰਗੀ ਹੈ। ਇਸ ਵਿੱਚ ਬਹੁਤ ਸਾਰੇ ਉਤਰਾਅ-ਚੜ੍ਹਾਅ ਆਉਂਦੇ ਰਹਿੰਦੇ ਹਨ। ਦੁੱਖ-ਸੁੱਖ ਅਤੇ ਸਫ਼ਲਤਾਵਾਂ-ਅਸਫ਼ਲਤਾਵਾਂ ਜ਼ਿੰਦਗੀ ਦਾ ਅਟੁੱਟ ਹਿੱਸਾ ਹਨ। ਫਿਰ ਵੀ ਸਾਡੇ ਰੋਜ਼ਾਨਾ ਜੀਵਨ ਵਿੱਚ ਆਉਣ ਵਾਲੀਆਂ ਬਹੁਤ ਸਾਰੀਆਂ ਮੁਸ਼ਕਿਲਾਂ ਅਤੇ ਸਮੱਸਿਆਵਾਂ ਬਹੁਤੀ ਵਾਰ ਸਾਡੀਆਂ ਆਪਣੀਆਂ ਹੀ ਪੈਦਾ ਕੀਤੀਆਂ ਜਾਂ ਸਹੇੜੀਆਂ ਹੁੰਦੀਆਂ ਹਨ। ਇਹ ਚਾਹੇ ਪਰਿਵਾਰ ਵਿੱਚ ਹੋਣ ਜਾਂ ਫਿਰ ਜੀਵਨ ਦੇ ਕਿਸੇ ਵੀ ਹੋਰ ਖੇਤਰ ਨਾਲ ਸਬੰਧਤ ਹੋਣ। ਇਸ ਦਾ ਮੂਲ ਕਾਰਨ ਇਹ ਹੈ ਕਿ ਅਸੀਂ ਆਮ ਤੌਰ 'ਤੇ ਕਿਸੇ ਵੀ ਸਬੰਧਤ ਗੱਲ ਜਾਂ ਮਸਲੇ ਦੀ ਤਹਿ ਤਕ ਜਾਣ ਦੀ ਕੋਸ਼ਿਸ਼ ਨਹੀਂ ਕਰਦੇ। ਜਦੋਂ ਅਸੀਂ ਕਈ ਛੋਟੀਆਂ-ਛੋਟੀਆਂ ਗੱਲਾਂ ਨੂੰ ਅੰਦਰੋ-ਅੰਦਰ ਦਬਾਉਣ ਦੇ ਆਹਰੇ ਲੱਗੇ ਰਹਿੰਦੇ ਹਾਂ ਤਾਂ ਇਹ ਗੱਲਾਂ-ਬਾਤਾਂ ਜਾਂ ਮੁਸ਼ਕਿਲਾਂ ਇੱਕ-ਦੂਜੇ ਪ੍ਰਤੀ ਸ਼ੱਕਾਂ, ਵਹਿਮਾਂ-ਭਰਮਾਂ ਤੇ ਭੁਲੇਖਿਆਂ ਆਦਿ ਨੂੰ ਜਨਮ ਦਿੰਦੀਆਂ ਹਨ ਜੋ ਅਖੀਰ ਵਿੱਚ ਭਾਂਬੜ ਦਾ ਰੂਪ ਧਾਰਨ ਕਰ ਲੈਂਦੀਆਂ ਹਨ, ਜਿਸ ਨਾਲ ਸਾਡਾ ਆਪਣੇ, ਪਰਿਵਾਰ ਤੇ ਸਮਾਜ ਬਾਰੇ ਉਲੀਕਿਆ ਹੋਇਆ ਸਾਰੇ ਦਾ ਸਾਰਾ ਨਕਸ਼ਾ ਹੀ ਵਿਗੜ ਜਾਂਦਾ ਹੈ ਤੇ ਸਾਡੇ ਸੁਪਨੇ ਚਕਨਾਚੂਰ ਹੋ ਜਾਂਦੇ ਹਨ। ਇਹ ਵਰਤਾਰਾ ਆਮ ਹੀ ਹੈ, ਪਰ ਅਸੀਂ ਇਨ੍ਹਾਂ ਦੇ ਮੂਲ ਕਾਰਨਾਂ ਨੂੰ ਸਮਝਣ ਦੀ ਕੋਸ਼ਿਸ਼ ਤਕ ਨਹੀਂ ਕਰਦੇ।

ਬਹੁਤ ਵਾਰੀ ਅਸੀਂ ਘਰਾਂ, ਦਫ਼ਤਰਾਂ ਜਾਂ ਸਮਾਜ ਵਿੱਚ ਵਿਚਰਦਿਆਂ ਹੋਇਆਂ ਬਹੁਤ ਸਾਰੇ ਵਿਅਕਤੀਆਂ ਬਾਰੇ ਸਿਰਫ਼ ਬਾਹਰੋਂ-ਬਾਹਰੋਂ ਹੀ ਅੰਦਾਜ਼ੇ ਲਾ ਕੇ ਉਨ੍ਹਾਂ ਬਾਰੇ ਆਪਣੇ ਮਨ ਵਿੱਚ ਇੱਕ ਨਕਲੀ ਜਿਹੀ ਤਸਵੀਰ ਬਣਾ ਲੈਂਦੇ ਹਾਂ। ਫਿਰ ਜਦੋਂ ਕਦੇ ਸਾਡਾ ਉਸ ਵਿਅਕਤੀ ਨਾਲ ਨੇੜਿਓਂ ਵਾਹ ਪੈਂਦਾ ਹੈ ਤਾਂ ਉਸ ਸਮੇਂ ਜਿੱਥੇ ਸਾਡੇ ਮਨ ਵਿਚਲੀਆਂ ਸਭ ਗ਼ਲਤਫਹਿਮੀਆਂ ਦੂਰ ਹੋ ਜਾਂਦੀਆਂ ਹਨ, ਉੱਥੇ ਹੀ ਉਸ ਸ਼ਖ਼ਸ ਪ੍ਰਤੀ ਸਾਡੇ ਮਨ ਵਿੱਚ ਮਾਣ-ਸਤਿਕਾਰ ਵੀ ਪੈਦਾ ਹੋ ਜਾਂਦਾ ਹੈ।

ਮਨੋਵਿਗਿਆਨ ਅਨੁਸਾਰ ਹਰ ਇੱਕ ਆਦਮੀ ਦਾ ਇਹ ਸੁਭਾਅ ਹੁੰਦਾ ਹੈ ਕਿ ਉਹ ਦੂਜੇ ਉੱਤੇ ਕਿਵੇਂ ਨਾ ਕਿਵੇਂ ਭਾਰੂ ਹੋ ਸਕੇ। ਇਸੇ ਕਰਕੇ ਉਹ ਆਪਣੇ ਤੋਂ ਅਗਾਂਹਵਧੂ ਵਿਚਾਰਾਂ ਵਾਲੇ ਵਿਅਕਤੀ ਨੂੰ ਨਫ਼ਰਤ ਜਾਂ ਈਰਖਾ ਕਰਨ ਲੱਗ ਜਾਂਦਾ ਹੈ। ਉਹ ਆਪਣੀ 'ਮੈਂ ਨੂੰ ਕਿਸੇ ਵੀ ਤਰੀਕੇ ਨਾਲ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰਦਾ ਹੈ। ਇਸ ਈਰਖਾ ਭਰੀ ਭੜਾਸ ਨੂੰ ਕੱਢਣ ਲਈ ਉਹ ਕੁਝ ਅਜਿਹੇ ਵਿਅਕਤੀਆਂ ਜਾਂ ਭਾਵੁਕ ਨੌਜਵਾਨਾਂ ਨੂੰ ਮੋਹਰੇ ਬਣਾਉਂਦਾ ਹੈ ਜਿਹੜੇ ਕਿ ਲਾਈਲੱਗ ਕਿਸਮ ਦੇ ਹੋਣ ਅਤੇ ਕਿਸੇ ਦੀਆਂ ਸੁਣੀਆਂ-ਸੁਣਾਈਆਂ ਗੱਲਾਂ ਨੂੰ ਆਧਾਰ ਬਣਾ ਕੇ ਉਸ ਵਿਅਕਤੀ ਵਿਸ਼ੇਸ਼ ਨਾਲ ਨ਼ਫ਼ਰਤ ਕਰਨ ਲੱਗ ਜਾਂਦੇ ਹਨ। ਫਿਰ ਇਸ ਕਿਸਮ ਦੇ ਲਾਈਲੱਗ ਵਿਅਕਤੀਆਂ ਤੋਂ ਉਸ ਆਦਮੀ ਬਾਰੇ ਪੁੱਠੀਆਂ-ਸਿੱਧੀਆਂ ਗੱਲਾਂ ਅਖਵਾ ਕੇ ਉਹ ਆਪਣੇ ਮਨ ਨੂੰ ਝੂਠੀ ਤਸੱਲੀ ਦੇਣ ਦੀ ਕੋਸ਼ਿਸ਼ ਕਰਦੇ ਹਨ। ਇਹ ਈਰਖਾਲੂ ਲੋਕ ਆਪ ਕੋਈ ਵੀ ਗੱਲ ਸਿੱਧੇ ਤੌਰ 'ਤੇ ਬੋਲਣ ਦੀ ਹਿੰਮਤ ਨਹੀਂ ਰੱਖਦੇ ਕਿਉਂਕਿ ਇਹ ਮਾਨਸਿਕ ਤੇ ਆਤਮਿਕ ਤੌਰ 'ਤੇ ਅੰਦਰੋਂ ਕਮਜ਼ੋਰ ਹੁੰਦੇ ਹਨ।

ਦੇਖਣ ਵਿੱਚ ਇਹ ਛੋਟੀਆਂ-ਛੋਟੀਆ ਗੱਲਾਂ ਹੀ ਅਸਲ ਵਿੱਚ ਵੱਡੇ-ਵੱਡੇ ਮਸਲਿਆਂ ਦਾ ਕਾਰਨ ਬਣ ਜਾਂਦੀਆਂ ਹਨ ਅਤੇ ਅੱਗੇ ਜਾ ਕੇ ਗਰੁੱਪਾਂ ਜਾਂ ਧੜੇਬੰਦੀਆਂ ਦਾ ਰੂਪ ਧਾਰਨ ਕਰ ਜਾਂਦੀਆਂ ਹਨ। ਇਹੀ ਮਸਲੇ ਫਿਰ ਸਾਨੂੰ, ਸਾਡੇ ਪਰਿਵਾਰ ਨੂੰ, ਸਮਾਜ ਨੂੰ ਤਰ੍ਹਾਂ-ਤਰ੍ਹਾਂ ਦੀਆਂ ਮੁਸ਼ਕਿਲਾਂ ਵੱਲ ਧੱਕ ਦਿੰਦੇ ਹਨ ਜਿਸ ਨਾਲ ਜਿੱਥੇ ਮਾਨਸਿਕ ਸ਼ਾਂਤੀ ਭੰਗ ਹੋ ਜਾਂਦੀ ਹੈ, ਉੱਥੇ ਨਾਲ ਦੀ ਨਾਲ ਆਪਣੇ ਪੈਰੀਂ ਆਪ ਹੀ ਕੁਹਾੜਾ ਮਾਰਨ ਵਾਲੀ ਗੱਲ ਹੋ ਜਾਂਦੀ ਹੈ। ਇਸ ਲਈ ਕਿਸੇ ਵੀ ਗੱਲਬਾਤ, ਸਥਿਤੀ ਜਾਂ ਮਸਲੇ ਬਾਰੇ ਬਗੈਰ ਸੋਚਿਆਂ ਹੀ ਮਗਰ ਲੱਗ ਜਾਣ ਦੀ ਥਾਂ ਉਸ ਨੂੰ ਠਰ੍ਹੰਮੇ ਨਾਲ ਸੁਣ, ਵਿਚਾਰ ਕੇ ਅਤੇ ਦਲੀਲ ਤੇ ਤਰਕ ਦੇ ਤਰਾਜ਼ੂ 'ਤੇ ਨਾਪ-ਤੋਲ ਕਰਨ ਤੋਂ ਪਿੱਛੋਂ ਹੀ ਉਸ ਬਾਰੇ ਕੋਈ ਪ੍ਰਤੀਕਰਮ ਪ੍ਰਗਟ ਕਰਨਾ ਚਾਹੀਦਾ ਹੈ। ਅਜਿਹਾ ਕਰਕੇ ਹੀ ਇਸ ਬਹੁਰੰਗੀ, ਹੁਸੀਨ ਤੇ ਸਵੱਲੀ ਜ਼ਿੰਦਗੀ ਨੂੰ ਵਧੀਆ ਢੰਗ ਨਾਲ ਜਿਊਣ ਦੇ ਯੋਗ ਬਣਾਇਆ ਜਾ ਸਕਦਾ ਹੈ ਅਤੇ ਇਸ ਜੀਵਨ ਮੇਲੇ ਦਾ ਅਸਲੀ ਆਨੰਦ ਮਾਣਿਆ ਜਾ ਸਕਦਾ ਹੈ।

**– ਸੁਖਮਿੰਦਰ ਸਿੰਘ ਸ਼ਹਿਣਾ**


TRAVEL FOR LESS INC.
INDIA | PAKISTAN | EUROPE
ਅਗਰ ਤੁਸੀ ਇੰਡਿਆ ਜਾਣ ਲਈ ਸਸਤੀਆਂ ਟਿਕਟਾਂ
ਲੈਣ ਦੇ ਚਾਹਵਾਨ ਹੋ ਤਾ ਟਿਕਟ ਖ੍ਰੀਦਣ ਤੋ ਪਹਿਲਾਂ
ਇੱਕ ਵਾਰ ਸਾਨੂੰ ਜਰੂਰ ਕਾਲ ਕਰੋ।
CST NO : 2031914-40
Fremont Office
BUY TRAVEL TICKETS AT WHOLESALE PRICE
TRAVEL FOR LESS INC
39156 STATE STREET
FREMONT CA - 94538
510-791-3300
Open 7 days a week
Still searching seats for December travel to INDIA Call us for special fares
3RD TIME IN A ROW
2011
BEST OF FREMONT AWARD
Serving the Bay Area Since 1996
Fax: 510.791.3361 | Email: info@letsflyhome.com
www.letsflyhome.com
510-791-3300 (Fremont)
916-419-4323 (Sacramento)
559-892-0009 (Fresno)
661-829-4467 (Bakersfield)


TEC Equipment
Your Best Business Partner
OAKLAND, CA
ਨਵੇਂ ਅਤੇ ਪੁਰਾਣੇ ਟਰੱਕ ਖਰੀਦਣ ਲਈ ਅੱਜ ਹੀ ਮਿਲੋ
ਅਸੀਂ ਟਰੱਕਾਂ ਲਈ ਫਾਈਨਾਂਸ ਵੀ ਕਰਵਾ ਕੇ ਦਿੰਦੇ ਹਾਂ
Harjinder Singh Bal
Direct (510) 577-5509
Cell (510) 613-3573
hsingh@tecequipment.com
8099 S Coliseum Way
Oakland, CA 94621
www. tecequipment.com





**USA THEATRE LISTING**

**CALIFORNIA**
AMC Ontario Mills Ontario -Los Angeles
Edwards 14 - Bakersfield
Sierra Vista - Fresno
Brendon - Modesto
Cinemark Laguna - Elk Grove
Cinemark - Rosebille
Cinemark - Yuba City
Cinemark Hilltop - Richmond
Cinemark - Union City
Century 20 - Milpitas
Cinegreand 7- Fremont

**Rest of USA**
Cinemark Movies 8 - Indiana
Cinemark 14 - Warren Michigan
Cinemark Dayton South - Dayton South
Cinemark Federal Way - Seattle
Regal Sterling- Virgina
Regal Commerce Centre - New Jersey
Jamaica Multiples - New Youk
Farmingdale Multiples - New York
Cinemark Memorial City - Houston
Fun Asia - Dallas
Regal Macarthur - Dallas
Century Stratford - Chicago

For More Information Contact :
+1-559-512-0415
FB.COM/INDIANMOVIESINUSA